28-MARCH-PAGE-1.qxd 3/27/2024 10:18 PM Page 1

ਵੀਰਵਾਰ, 28 ਮਾਰਚ, 2024
15 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 297

ਨਵਾਂ ਜ਼ਮਾਨਾ

DAILY NAWAN ZAMANA • THURSDAY, 28 MARCH, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਰਿੰਕੂ ਦੀ ਭਾਜਪਾ ਵੱਲ ਪਲਟੀ, ਅੰਗੂਰਾਲ ਦੀ ਵਾਪਸੀ

ਜਲੰਧਰ (ਸੁਰਿੰਦਰ ਕੁਮਾਰ) : ਆਮ ਆਦਮੀ ਪਾਰਟੀ ਦੇ ਇਕਲੌਤੇ ਲੋਕ ਸਭਾ ਮੈਂਬਰ ਅਤੇ ਜਲੰਧਰ ਤੋਂ ਲੋਕ ਸਭਾ ਚੋਣਾਂ ਲਈ ਪਾਰਟੀ ਵੱਲੋਂ ਐਲਾਨੇ ਗਏ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਬੁੱਧਵਾਰ ਭਾਜਪਾ 'ਚ ਸ਼ਾਮਲ ਹੋ ਗਏ। ਦਿੱਲੀ 'ਚ ਭਾਜਪਾ ਹੈੱਡਕੁਆਰਟਰ 'ਚ ਰਿੰਕੂ ਨੂੰ ਭਾਜਪਾ ਦੇ ਜਨਰਲ ਸਕੱਤਰ ਵਿਨੋਦ ਤਾਵੜੇ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਤੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਰਿੰਕੂ ਦੇ ਨਾਲ ਹੀ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੂਰਾਲ ਵੀ ਭਾਜਪਾ 'ਚ ਸ਼ਾਮਲ ਹੋਏ।

ਕਰੀਬ ਇੱਕ ਸਾਲ ਪਹਿਲਾਂ ਰਿੰਕੂ ਕਾਂਗਰਸ ਛੱਡ ਕੇ 'ਆਪ' 'ਚ ਸ਼ਾਮਲ ਹੋਏ ਸਨ ਤੇ 2023 'ਚ ਜਲੰਧਰ ਲੋਕ ਸਭਾ ਸੀਟ ਤੋਂ 'ਆਪ' ਦੀ ਟਿਕਟ 'ਤੇ ਉਪ ਚੋਣ ਜਿੱਤ ਕੇ ਪਹਿਲੀ ਵਾਰ ਸਾਂਸਦ ਬਣੇ ਸਨ। ਉਹ ਇੱਕ ਸਾਲ ਤੋਂ ਵੀ ਘੱਟ ਸਮਾਂ ਆਮ ਆਦਮੀ ਪਾਰਟੀ 'ਚ ਟਿਕੇ।

ਰਿੰਕੂ 2017 ਤੋਂ 2022 ਤੱਕ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦੇ ਵਿਧਾਇਕ ਰਹਿ ਚੁੱਕੇ ਹਨ। 2022 ਦੀਆਂ ਵਿਧਾਨ ਸਭਾ ਚੋਣਾਂ 'ਚ ਉਹ ਭਾਜਪਾ ਤੋਂ ਆਮ ਆਦਮੀ ਪਾਰਟੀ ਵਿਚ ਆਏ ਅੰਗੂਰਾਲ ਤੋਂ ਹਾਰ ਗਏ ਸਨ।

ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਰਿੰਕੂ ਨੇ ਕਿਹਾ—ਇਹ ਸੱਚ ਹੈ ਕਿ ਮੇਰੇ ਵੱਲੋਂ ਜਲੰਧਰ ਦੇ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਹੀਂ ਹੋਏ, ਕਿਉਂਕਿ 'ਆਪ' ਨੇ ਮੇਰੀ ਹਮਾਇਤ ਨਹੀਂ ਕੀਤੀ। ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕੰਮ ਕਰਨ ਦੇ ਸਟਾਇਲ ਤੋਂ ਪ੍ਰਭਾਵਤ ਹੋ ਕੇ ਭਾਜਪਾ ਵਿਚ ਸ਼ਾਮਲ ਹੋਇਆ ਹਾਂ। ਜਾਖੜ ਨੇ ਕਿਹਾ ਕਿ ਕਾਂਗਰਸ ਤੇ ਆਪ ਇਕ ਸਿੱਕੇ ਦੇ ਦੋ ਪਾਸੇ ਹਨ।

ਆਪ ਨੇ ਰਿੰਕੂ ਤੇ ਅੰਗੂਰਾਲ ਨੂੰ ਗਦਾਰ ਦੱਸਿਆ

ਚੰਡੀਗੜ੍ਹ, (ਗੁਰਜੀਤ ਬਿੱਲਾ) –'ਆਪ' ਪੰਜਾਬ ਨੇ ਸੁਸ਼ੀਲ ਕੁਮਾਰ ਰਿੰਕੂ ਅਤੇ ਸ਼ੀਤਲ ਅੰਗੂਰਾਲ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਨੂੰ ਗਦਾਰ ਕਰਾਰ ਦਿੱਤਾ ਹੈ। 'ਆਪ' ਨੇ ਕਿਹਾ ਕਿ ਦੋਵਾਂ ਆਗੂਆਂ ਨੂੰ ਲੋਕਾਂ ਨੇ ਇਸ ਲਈ ਚੁਣਿਆ ਸੀ, ਕਿਉਂਕਿ ਉਹ 'ਆਪ' ਦੀਆਂ ਟਿਕਟਾਂ 'ਤੇ ਚੋਣ ਮੈਦਾਨ ਵਿੱਚ ਉਤਰੇ ਸਨ, ਪਰ ਹੁਣ ਉਹ ਜਲੰਧਰ ਦੇ ਲੋਕਾਂ ਅਤੇ ਉਨ੍ਹਾਂ ਦੇ ਭਰੋਸੇ ਨਾਲ ਧੋਖਾ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਐੱਕਸ ਅਕਾਊਂਟ 'ਤੇ ਲਿਖਿਆ—ਆਪਣੇ ਵੱਲੋਂ ਤਾਂ ਦਰਿਆ ਵੱਡੇ ਘਰ ਜਾਂਦਾ ਹੈ, ਪਰ ਵਿੱਚ ਸਮੁੰਦਰ ਜਾ ਕੇ ਉਹ ਮਰ ਜਾਂਦਾ ਹੈ। ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ, ਬੇਸ਼ਰਮਾਂ ਦਾ ਤਾਂ ਨੀਵੀਂ ਪਾ ਕੇ ਵੀ ਸਰ ਜਾਂਦਾ ਹੈ। ਉਹਨਾ ਕਿਹਾ ਕਿ ਪੰਜਾਬ ਦੀ ਗਰਦਨ ਮਾਣ ਨਾਲ ਹਮੇਸ਼ਾ ਉੱਚੀ ਰੱਖਾਂਗੇ। ਉਨ੍ਹਾ 'ਆਪ' ਛੱਡ ਕੇ ਵੱਡੀ ਸਿਆਸੀ ਪਾਰਟੀ 'ਚ ਸ਼ਾਮਲ ਹੋਣ ਵਾਲੇ ਆਗੂਆਂ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਅਸੀਂ ਪੰਜਾਬ ਦੀ ਆਨ ਤੇ ਸ਼ਾਨ ਦੀ ਰਾਖੀ ਲਈ ਹਮੇਸ਼ਾ ਵਚਨਬੱਧ ਹਾਂ।

'ਆਪ' ਪੰਜਾਬ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ

● ਬਾਕੀ ਸਫ਼ਾ 2 'ਤੇ

ਕੇਜਰੀਵਾਲ ਨੂੰ ਨਹੀਂ ਮਿਲੀ ਰਾਹਤ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਬੁੱਧਵਾਰ ਈ ਡੀ ਦੀ ਹਿਰਾਸਤ ਵਿਚ ਚੱਲ ਰਹੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੰਤਰਮ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਸੁਣਵਾਈ 3 ਅਪ੍ਰੈਲ ਤੱਕ ਅੱਗੇ ਪਾਉਂਦਿਆਂ ਈ ਡੀ ਨੂੰ ਉਨ੍ਹਾ ਦੀ ਫੌਰੀ ਰਿਹਾਈ ਦੀ ਅਰਜ਼ੀ 'ਤੇ ਜਵਾਬ ਦੇਣ ਦਾ ਨੋਟਿਸ ਜਾਰੀ ਕਰ ਦਿੱਤਾ।

ਜਸਟਿਸ ਸਵਰਨ ਕਾਂਤਾ ਸ਼ਰਮਾ ਨੇ ਕੇਜਰੀਵਾਲ ਦੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਦੀ ਇਹ ਦਲੀਲ ਰੱਦ ਕਰ ਦਿੱਤੀ ਕਿ ਈ ਡੀ ਨੂੰ ਜਵਾਬ ਮੰਗਣ ਦੀ ਲੋੜ ਨਹੀਂ। ਉਨ੍ਹਾ ਕਿਹਾ ਕਿ ਕੋਰਟ ਕੁਦਰਤੀ ਨਿਆਂ ਲਈ ਦੋਵਾਂ ਧਿਰਾਂ ਨੂੰ ਸੁਣਨ ਦੀ ਪਾਬੰਦ ਹੈ। ਈ ਡੀ ਦਾ ਜਵਾਬ ਜ਼ਰੂਰੀ ਹੈ।

ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਬੁੱਧਵਾਰ ਜਾਰੀ ਬਿਆਨ 'ਚ ਕਿਹਾ-ਈ ਡੀ ਦੇ ਕਈ ਛਾਪਿਆਂ 'ਚ ਇੱਕ ਪੈਸਾ ਵੀ ਨਹੀਂ ਮਿਲਿਆ। ਮੇਰੇ ਪਤੀ 28 ਮਾਰਚ ਨੂੰ ਦਿੱਲੀ ਆਬਕਾਰੀ ਨੀਤੀ ਮਾਮਲੇ 'ਚ ਅਦਾਲਤ 'ਚ ਸੱਚਾਈ ਦਾ ਖੁਲਾਸਾ ਕਰਨਗੇ। ਮੇਰੇ ਪਤੀ ਨੇ ਹਿਰਾਸਤ 'ਚ ਰਹਿੰਦਿਆਂ ਜਲ ਮੰਤਰੀ ਨੂੰ ਹਦਾਇਤਾਂ ਜਾਰੀ ਕੀਤੀਆਂ, ਕੀ ਕੇਂਦਰ ਨੂੰ ਇਸ ਨਾਲ ਸਮੱਸਿਆ ਸੀ, ਕੀ ਉਹ ਦਿੱਲੀ ਨੂੰ ਤਬਾਹ ਕਰਨਾ ਚਾਹੁੰਦੇ ਹਨ?

ਦਿੱਲੀ ਦੇ ਉਪ ਰਾਜਪਾਲ ਵੀ ਕੇ ਸਕਸੈਨਾ ਨੇ ਬੁੱਧਵਾਰ ਕਿਹਾ ਕਿ ਦਿੱਲੀ ਸਰਕਾਰ ਨੂੰ ਜੇਲ੍ਹ 'ਚੋਂ ਨਹੀਂ ਚਲਾਇਆ ਜਾਵੇਗਾ। ਸਕਸੈਨਾ ਦੀ ਇਹ ਟਿੱਪਣੀ ਆਮ ਆਦਮੀ ਪਾਰਟੀ ਦੇ ਨੇਤਾਵਾਂ ਦੇ ਉਨ੍ਹਾਂ ਬਿਆਨਾਂ ਦੇ ਮੱਦੇਨਜ਼ਰ ਹੈ, ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਅਰਵਿੰਦ ਕੇਜਰੀਵਾਲ ਜੇਲ੍ਹ 'ਚ ਹੋਣ ਦੇ ਬਾਵਜੂਦ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਨਹੀਂ ਦੇਣਗੇ। ਇਥੇ ਸਮਾਗਮ 'ਚ ਸਕਸੈਨਾ ਨੇ ਕਿਹਾ-ਮੈਂ ਦਿੱਲੀ ਦੇ ਲੋਕਾਂ ਨੂੰ ਭਰੋਸਾ ਦੇ ਸਕਦਾ ਹਾਂ ਕਿ ਸਰਕਾਰ ਜੇਲ੍ਹ 'ਚੋਂ ਨਹੀਂ ਚੱਲੇਗੀ।

ਕੇਜਰੀਵਾਲ ਨੂੰ ਲੈ ਕੇ ਭਾਰਤ ਦਾ ਅਮਰੀਕਾ ਕੋਲ ਸਖਤ ਪ੍ਰੋਟੈੱਸਟ

ਨਵੀਂ ਦਿੱਲੀ : ਭਾਰਤ ਨੇ ਬੁੱਧਵਾਰ ਅਮਰੀਕਾ ਦੇ ਸੀਨੀਅਰ ਡਿਪਲੋਮੈਟ ਨੂੰ ਤਲਬ ਕਰਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਬਾਰੇ ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਦੀ ਟਿੱਪਣੀ 'ਤੇ ਸਖਤ ਵਿਰੋਧ ਦਰਜ ਕਰਵਾਇਆ। ਭਾਰਤੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਅਮਰੀਕੀ ਮਿਸ਼ਨ ਦੀ ਕਾਰਜਕਾਰੀ ਉਪ ਮੁਖੀ ਗਲੋਰੀਆ ਬਾਰਬੇਨਾ ਨੂੰ ਸਾਊਥ ਬਲਾਕ ਸਥਿਤ ਦਫਤਰ 'ਚ ਤਲਬ ਕੀਤਾ। ਮੀਟਿੰਗ 30 ਮਿੰਟ ਤੋਂ ਵੱਧ ਚੱਲੀ। ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਨੇ ਕਿਹਾ ਸੀ ਕਿ ਉਨ੍ਹਾਂ ਦਾ ਮੁਲਕ ਕੇਜਰੀਵਾਲ ਲਈ ਨਿਰਪੱਖ, ਪਾਰਦਰਸ਼ੀ ਅਤੇ ਸਮੇਂ ਸਿਰ ਕਾਨੂੰਨੀ ਪ੍ਰਕਿਰਿਆ ਦੇ ਹੱਕ 'ਚ ਹੈ।

ਭਾਜਪਾ ਵੱਲੋਂ ਵਿਧਾਇਕਾਂ ਨੂੰ 20-25 ਕਰੋੜ ਦੀ ਆਫਰ : ਆਪ

ਚੰਡੀਗੜ੍ਹ, (ਗੁਰਜੀਤ ਬਿੱਲਾ)–ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਦੋਸ਼ ਲਾਇਆ ਕਿ ਭਾਜਪਾ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਵੀ ਵਿਰੋਧੀ ਪਾਰਟੀਆਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀ ਹੈ। ਭਾਜਪਾ 'ਆਪ' ਦੇ ਵਿਧਾਇਕਾਂ ਅਤੇ ਆਗੂਆਂ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਦੇਸ਼ੀ ਨੰਬਰਾਂ ਤੋਂ ਕਾਲ ਕਰਵਾ ਕੇ ਡਰਾ ਰਹੀ ਹੈ ਅਤੇ ਲਾਲਚ ਦੇ ਕੇ ਆਪਣੀ ਪਾਰਟੀ ਵਿੱਚ ਸ਼ਾਮਲ ਕਰਾਉਣ ਦੀ ਕੋਸ਼ਿਸ਼ ਕਰ ਰਹੀ ਹੈ।

'ਆਪ' ਦੇ ਤਿੰਨ ਵਿਧਾਇਕਾਂ ਜਗਦੀਪ ਸਿੰਘ ਗੋਲਡੀ ਕੰਬੋਜ (ਜਲਾਲਾਬਾਦ), ਅਮਨਦੀਪ ਸਿੰਘ ਮੁਸਾਫਿਰ (ਬੱਲੂਆਣਾ) ਅਤੇ ਰਜਿੰਦਰ ਪਾਲ ਕੌਰ ਛੀਨਾ (ਲੁਧਿਆਣਾ ਦੱਖਣੀ) ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨਾਲ ਭਾਜਪਾ ਨੇ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਲਈ ਪੈਸੇ ਦੀ ਪੇਸ਼ਕਸ਼ ਕੀਤੀ। ਤਿੰਨੋਂ ਵਿਧਾਇਕਾਂ ਨੇ ਜ਼ੋਰ ਦੇ ਕੇ ਕਿਹਾ ਕਿ ਉਹ 'ਆਪ' ਅਤੇ ਅਰਵਿੰਦ ਕੇਜਰੀਵਾਲ ਦੇ ਸੱਚੇ ਸਿਪਾਹੀ ਹਨ ਅਤੇ ਪਾਰਟੀ ਨਹੀਂ ਛੱਡਣਗੇ।

ਵਿਧਾਇਕ ਜਗਦੀਪ ਕੰਬੋਜ ਨੇ ਕਿਹਾ ਕਿ ਕੱਲ੍ਹ ਲਗਭਗ 12:52 'ਤੇ ਮੈਨੂੰ +35796718959 (ਸਾਈਪ੍ਰਸ) ਤੋਂ ਇੱਕ ਕਾਲ ਆਈ। ਕਾਲ ਕਰਨ ਵਾਲੇ ਨੇ ਕਿਹਾ ਕਿ ਉਸ ਦਾ ਨਾਂਅ ਸੇਵਕ ਸਿੰਘ ਹੈ ਅਤੇ ਉਹ ਵਿਧਾਇਕ ਨਾਲ ਗੱਲ ਕਰਨਾ ਚਾਹੁੰਦਾ ਹੈ। ਜਦੋਂ ਮੈਂ ਉਸ ਨੂੰ ਦੱਸਿਆ ਕਿ ਇਹ ਮੈਂ ਹਾਂ, ਤਾਂ ਉਸ ਨੇ ਪੁੱਛਿਆ ਕਿ ਮੈਨੂੰ ਗੱਲ ਕਰਨ ਵਿੱਚ ਕੋਈ ਸਮਸਿਆ ਤਾਂ ਨਹੀਂ? ਮੈਂ ਕਿਹਾ ਨਹੀਂ ਉਸ ਨੇ ਕਿਹਾ ਕਿ ਇੱਕ ਪੇਸ਼ਕਸ਼ ਹੈ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਭਾਜਪਾ ਵਿੱਚ ਸ਼ਾਮਲ ਹੋਵੋ। ਉਸ ਨੇ ਕਿਹਾ ਕਿ ਇਹ ਮੇਰੇ ਲਈ ਬਹੁਤ ਵਧੀਆ ਪੇਸ਼ਕਸ਼ ਹੈ, ਮੈਂ ਆਪਣੀ ਕੋਈ ਵੀ ਮੰਗ ਦੱਸ ਸਕਦਾ ਹਾਂ, ਮੈਂ ਉਸ ਨੂੰ ਕਿਹਾ ਕਿ ਮੇਰੀ ਕੋਈ ਮੰਗ ਨਹੀਂ। ਫਿਰ ਉਸ ਨੇ ਮੈਨੂੰ ਭਾਜਪਾ ਵਿੱਚ ਸ਼ਾਮਲ ਹੋਣ ਲਈ 20-25 ਕਰੋੜ ਦੀ ਪੇਸ਼ਕਸ਼ ਕੀਤੀ ਤੇ ਮੈਂ ਕਿਹਾ ਕਿ ਮੈਨੂੰ ਇਸ ਦੀ ਲੋੜ ਨਹੀਂ। 'ਆਪ' ਆਗੂ ਨੇ ਕਿਹਾ—ਮੈਂ ਉਸ ਨੂੰ ਪੁੱਛਿਆ ਕਿ ਉਸ ਨੂੰ ਮੇਰਾ ਨੰਬਰ ਕਿਸ ਤੋਂ ਮਿਲਿਆ। ਫੇਰ ਮੈਂ ਉਸ ਨੂੰ ਕਿਹਾ ਕਿ ਮੈਨੂੰ ਕੋਈ ਦਿਲਚਸਪੀ ਨਹੀਂ ਅਤੇ ਨਾ ਹੀ ਮੈਨੂੰ ਤੁਹਾਡੀ ਕੋਈ ਲੋੜ ਹੈ, ਕਿਉਂਕਿ ਆਮ ਆਦਮੀ ਪਾਰਟੀ ਨੇ ਸਾਡੇ ਲਈ ਜੋ ਕੁਝ ਕੀਤਾ ਹੈ, ਅਸੀਂ ਸੋਚ ਵੀ ਨਹੀਂ ਸਕਦੇ ਸੀ।

ਵਿਧਾਇਕ ਹਰਜਿੰਦਰ ਪਾਲ ਕੌਰ ਛੀਨਾ ਨੇ ਦੱਸਿਆ ਕਿ ਕੱਲ੍ਹ ਕਰੀਬ 11 ਵਜੇ ਮੈਨੂੰ ਇੱਕ ਫੋਨ ਆਇਆ ਕਿ ਮੈਂ ਸੇਵਕ ਸਿੰਘ ਹਾਂ। ਇਹ ਕਿਸੇ ਵਿਦੇਸ਼ੀ ਨੰਬਰ ਤੋਂ ਕਾਲ ਸੀ, ਉਸ ਨੇ ਕਿਹਾ ਕਿ ਉਹ ਦਿੱਲੀ ਤੋਂ ਬੋਲ ਰਿਹਾ ਹੈ। ਉਸ ਨੇ ਕਿਹਾ ਕਿ ਮੈਨੂੰ ਆਪਣੀ ਪਾਰਟੀ ਬਦਲ ਕੇ ਭਾਜਪਾ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ।

● ਬਾਕੀ ਸਫ਼ਾ 2 'ਤੇ

ਜ਼ਮੀਨੀ ਝਗੜੇ 'ਚ ਭਰਾ ਦੀ ਹੱਤਿਆ

ਅਮਲੋਹ, (ਲਖਵੀਰ ਸਿੰਘ/ ਹਰਚਰਨ ਉੱਪਲ) –ਪੁਲਸ ਚੌਕੀ ਬੁੱਗਾ ਕਲਾਂ ਵਿਚ ਬੁੱਧਵਾਰ ਜ਼ਮੀਨ ਦੇ ਝਗੜੇ ਨੂੰ ਲੈ ਕੇ ਭਰਾ ਨੇ ਆਪਣੇ ਭਰਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿਤੀ। ਦੋ ਭਰਾਵਾਂ ਦੀ ਜ਼ਮੀਨ ਦੇ ਝਗੜੇ ਨੂੰ ਲੈ ਕੇ ਰਿਸ਼ਤੇਦਾਰ ਇਕੱਠੇ ਹੋਏ ਸਨ। ਜਿਉਂ ਹੀ ਉਨ੍ਹਾਂ ਮਸਲੇ ਨੂੰ ਨਿਪਟਾਉਣ ਦੀ ਕੋਸ਼ਿਸ਼ ਕੀਤੀ ਤਾਂ ਦੋਵਾਂ ਭਰਾਵਾਂ ਵਿਚ ਮੁੜ ਤਕਰਾਰ ਹੋ ਗਿਆ। ਕੁਲਦੀਪ ਸਿੰਘ (45) ਪੁੱਤਰ ਬੰਤ ਸਿੰਘ ਨੇ ਭਰਾ ਹਰਭਜਨ ਸਿੰਘ (42) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮੌਕੇ 'ਤੇ ਮੌਜੂਦ ਰਿਸ਼ਤੇਦਾਰਾਂ ਨੇ ਦੱਸਿਆ ਕਿ ਉਨ੍ਹਾਂ ਮੋਟਰ ਦੇ ਕੋਠੇ ਦੀ ਆੜ ਲੈ ਕੇ ਆਪਣੀ ਜਾਨ ਬਚਾਈ। ਮ੍ਰਿਤਕ ਦਾ ਇਕਲੌਤਾ ਲੜਕਾ ਹੈ, ਜੋਂ ਅੱਠਵੀਂ ਕਲਾਸ ਵਿਚ ਪੜ੍ਹਦਾ ਹੈ। ਮ੍ਰਿਤਕ ਦੀ ਪਤਨੀ ਦੇ ਬਿਆਨਾਂ 'ਤੇ ਪੁਲਸ ਵੱਲੋਂ ਧਾਰਾ 302 ਅਧੀਨ ਮੁਕੱਦਮਾ ਦਰਜ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਅਸਲਾ ਲਾਇਸੰਸੀਆਂ ਨੂੰ 22 ਮਾਰਚ ਸ਼ਾਮ 5 ਵਜੇ ਤੱਕ ਆਪਣਾ ਅਸਲਾ ਜਮ੍ਹਾਂ ਕਰਵਾਉਣ ਦਾ ਆਦੇਸ਼ ਦਿੱਤਾ ਸੀ, ਪ੍ਰੰਤੂ ਹੁਣ ਤੱਕ ਅਸਲਾ ਜਮ੍ਹਾਂ ਨਾ ਹੋਣ ਕਾਰਨ ਪੁਲਸ ਦੀ ਕਾਰਗੁਜ਼ਾਰੀ ਉਪਰ ਵੀ ਸਵਾਲੀਆ ਨਿਸ਼ਾਨ ਲੱਗ ਰਿਹਾ ਹੈ।

ਵਿੱਤ ਮੰਤਰੀ ਦੇ ਪਤੀ ਦਾ ਬਿਆਨ : ਚੋਣ ਬਾਂਡ ਘੁਟਾਲਾ ਭਾਜਪਾ ਨੂੰ ਬਹੁਤ ਮਹਿੰਗਾ ਪੈਣੈ

ਹੈਦਰਾਬਾਦ : ਉੱਘੇ ਅਰਥ ਸ਼ਾਸਤਰੀ ਪਰਾਕਲਾ ਪ੍ਰਭਾਕਰ ਨੇ ਕਿਹਾ ਹੈ ਕਿ ਚੋਣ ਬਾਂਡ ਮੁੱਦਾ ਭਾਜਪਾ ਨੂੰ ਬਹੁਤ ਮਹਿੰਗਾ ਪਵੇਗਾ। ਪ੍ਰਭਾਕਰ, ਜਿਹੜੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਪਤੀ ਹਨ, ਨੇ ਕਿਹਾ ਹੈ—ਚੋਣ ਬਾਂਡ ਮੁੱਦਾ ਹੁਣ ਨਾਲੋਂ ਕਿਤੇ ਵੱਧ ਰਫਤਾਰ ਫੜੇਗਾ। ਹਰ ਕੋਈ ਹੁਣ ਸਮਝ ਰਿਹਾ ਹੈ ਕਿ ਇਹ ਨਾ ਸਿਰਫ ਭਾਰਤ ਦਾ ਸਗੋਂ ਦੁਨੀਆ ਦਾ ਸਭ ਤੋਂ ਵੱਡਾ ਘੁਟਾਲਾ ਹੈ। ਇਸ ਮੁੱਦੇ 'ਤੇ ਲੋਕ ਇਸ ਸਰਕਾਰ ਨੂੰ ਸਖਤ ਸਜ਼ਾ ਦੇਣਗੇ।

ਚੋਣ ਕਮਿਸ਼ਨ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲੱਬਧ ਅੰਕੜਿਆਂ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਨੇ ਚੋਣ ਬਾਂਡਾਂ ਨਾਲ ਸਭ ਤੋਂ ਵੱਧ ਕਮਾਈ ਕੀਤੀ ਹੈ। ਉਸ ਨੇ 12 ਅਪ੍ਰੈਲ 2019 ਤੋਂ 15 ਫਰਵਰੀ 2024 ਤੱਕ 6986.5 ਕਰੋੜ ਰੁਪਏ ਹਾਸਲ ਕੀਤੇ। ਦੂਜੇ ਨੰਬਰ 'ਤੇ ਪੱਛਮੀ ਬੰਗਾਲ ਦੀ ਹੁਕਮਰਾਨ ਤ੍ਰਿਣਮੂਲ ਕਾਂਗਰਸ ਨੇ 1397 ਕਰੋੜ, ਤੀਜੇ ਨੰਬਰ 'ਤੇ ਕਾਂਗਰਸ ਨੇ 1334 ਕਰੋੜ ਤੇ ਚੌਥੇ ਨੰਬਰ 'ਤੇ ਭਾਰਤ ਰਾਸ਼ਟਰ ਸਮਿਤੀ ਨੇ 1322 ਕਰੋੜ ਹਾਸਲ ਕੀਤੇ। ਸੁਪਰੀਮ ਕੋਰਟ ਨੇ ਫਰਵਰੀ ਵਿਚ ਚੋਣ ਬਾਂਡ ਸਕੀਮ ਰੱਦ ਕਰਕੇ ਸਿਆਸੀ ਪਾਰਟੀਆਂ ਨੂੰ ਮਿਲੇ ਪੈਸੇ ਜਨਤਕ ਕਰਨ ਦਾ ਹੁਕਮ ਦਿੱਤਾ ਸੀ। ਸਿਵਲ ਸੁਸਾਇਟੀ ਦੇ ਕਾਰਕੁਨਾਂ ਮੁਤਾਬਕ ਸੀ ਬੀ ਆਈ, ਈ ਡੀ ਤੇ ਇਨਕਮ ਟੈਕਸ ਵਿਭਾਗ ਦੀ ਕਾਰਵਾਈ ਦਾ ਸਾਹਮਣਾ ਕਰਨ ਵਾਲੀਆਂ 41 ਪਾਰਟੀਆਂ ਨੇ ਚੋਣ ਬਾਂਡਾਂ ਰਾਹੀਂ ਭਾਜਪਾ ਨੂੰ 2471 ਕਰੋੜ ਰੁਪਏ ਦਿੱਤੇ। ਇਨ੍ਹਾਂ ਵਿੱਚੋਂ 1698 ਕਰੋੜ ਰੁਪਏ ਇਨ੍ਹਾਂ ਏਜੰਸੀਆਂ ਦੇ ਛਾਪਿਆਂ ਤੋਂ ਬਾਅਦ ਦਿੱਤੇ।

ਕਲਮ, ਕਲਾ ਤੇ ਲੋਕਾਂ ਦੀ ਜੋਟੀ ਪੱਕੀ ਕਰਨ ਦਾ ਅਹਿ

28-MARCH-PAGE-1.qxd 3/27/2024 10:21 PM Page 2

ਕੱਚੇ ਕੇਲਿਆਂ ਨਾਲ ਭਰਿਆ ਟਰੱਕ ਬੇਕਾਬੂ ਹੋ ਕੇ ਪਲਟਿਆ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਕੱਚੇ ਕੇਲਿਆਂ ਨਾਲ ਭਰਿਆ ਇੱਕ ਟਰੱਕ ਸੜਕ ਪਾਰ ਕਰ ਰਹੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਕਿਲਾ ਚੌਕ ਆਰਮੀ ਪਾਰਕ ਕੋਲ ਬੇਕਾਬੂ ਹੋ ਕੇ ਪਲਟ ਗਿਆ, ਜਿਸ ਕਾਰਨ ਕੱਚੇ ਕੇਲੇ ਸੜਕ 'ਤੇ ਖਿੱਲਰ ਗਏ ਤੇ ਉੱਥੇ ਹੀ ਕੇਲੇ ਨੂੰ ਬਹੁਤ ਨੁਕਸਾਨ ਹੋਇਆ। ਡਰਾਈਵਰ ਰਾਮ ਸਿੰਘ ਨੇ ਦੱਸਿਆ ਕਿ ਉਹ ਮਹਾਰਾਸ਼ਟਰ ਤੋਂ ਆਪਣੇ ਟਰੱਕ ਵਿੱਚ ਕੱਚੇ ਕੇਲੇ ਲੈ ਕੇ ਅੰਮ੍ਰਿਤਸਰ ਵੱਲ ਜਾ ਰਿਹਾ ਸੀ। ਸਵੇਰੇ ਜਦੋਂ ਖਾਈ ਫੇਮ ਦੇ ਫਿਰੋਜ਼ਪੁਰ ਰੋਡ 'ਤੇ ਕਿਲੇਵਾਲਾ ਚੌਕ ਨੇੜੇ ਪਹੁੰਚਿਆ ਤਾਂ 3-4 ਵਿਅਕਤੀ ਸੜਕ ਪਾਰ ਕਰਦੇ ਦੇਖੇ ਗਏ।ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਉਨ੍ਹਾਂ ਦਾ ਟਰੱਕ ਬੇਕਾਬੂ ਹੋ ਕੇ ਕਿਲਾ ਚੌਕ ਪਾਰਕ ਵਿੱਚ ਪਲਟ ਗਿਆ, ਜਿਸ ਨਾਲ ਕੱਚੇ ਕੇਲਿਆਂ ਦਾ ਕਾਫੀ ਨੁਕਸਾਨ ਹੋ ਗਿਆ। ਦੱਸ ਦੇਈਏ ਕਿ ਕਰੀਬ 10 ਦਿਨ ਪਹਿਲਾਂ ਵੀ ਇੱਥੇ ਸਬਜ਼ੀਆਂ ਨਾਲ ਭਰਿਆ ਇੱਕ ਟਰੱਕ ਪਲਟ ਗਿਆ ਸੀ, ਜਿਸ ਵਿੱਚ ਡਰਾਈਵਰ ਦੀ ਮੌਤ ਹੋ ਗਈ ਸੀ।ਖੁਸ਼ਕਿਸਮਤੀ ਰਹੀ ਕਿ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਡੀ ਸੀ ਐੱਮ ਇੰਟਰਨੈਸ਼ਨਲ 'ਚ ਅਨਲਿਸ਼ਿੰਗ ਕ੍ਰਿਏਟਿਵਿਟੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਵਿਦਿਆਰਥੀਆਂ ਨੂੰ ਖੇਡਾਂ, ਡਾਂਸ, ਆਰਟ ਐਂਡ ਕਰਾਫਟ, ਸੰਗੀਤ ਅਤੇ ਸ਼ਖਸੀਅਤ ਵਿਕਾਸ ਵਰਗੀਆਂ ਗਤੀਵਿਧੀਆਂ ਵਿੱਚ ਪ੍ਰਪੱਕ ਬਣਾਉਣ ਦੇ ਉਦੇਸ਼ ਨਾਲ, ਡੀਸੀਐਮ ਇੰਟਰਨੈਸ਼ਨਲ ਸਕੂਲ ਵੱਲੋਂ 6-ਰੋਜ਼ਾ ਅਨਲੀਸ਼ਿੰਗ ਕਿਡਜ਼ ਕ੍ਰਿਏਟੀਵਿਟੀ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਕਲਾਸ ਨਰਸਰੀ ਤੋਂ ਦੂਜੀ ਅਤੇ ਤੀਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਦੋ ਗਰੁੱਪਾਂ 'ਚ ਭਾਗ ਲੈ ਰਹੇ ਹਨ।ਇਨ੍ਹਾਂ ਗਤੀਵਿਧੀਆਂ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਸੈਂਕੜੇ ਵਿਦਿਆਰਥੀ ਭਾਗ ਲੈ ਰਹੇ ਹਨ। ਪ੍ਰਿੰਸੀਪਲ ਸੋਮੇਸ਼ ਚੰਦਰ ਮਿਸ਼ਰਾ ਨੇ ਦੱਸਿਆ ਕਿ ਵਿਦਿਆਰਥੀਆਂ ਵਿੱਚ ਡਾਂਸ ਫਿਊਜ਼ਨ, ਸਾਫਟ ਸਕਿੱਲ ਬੂਸਟ, ਮੈਲੋਡੀ ਮੋਨੀਆ, ਆਰਟਿਸਟਿਕ ਓਡੀਸੀ, ਸ਼ਾਨਦਾਰ ਖੇਡ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ, ਜਿਸ ਵਿੱਚ ਛੋਟੇ ਬੱਚੇ ਪੂਰੇ ਉਤਸ਼ਾਹ ਨਾਲ ਭਾਗ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿੱਚ ਵੀ ਅੱਵਲ ਰਹਿਣਾ ਚਾਹੀਦਾ ਹੈ ਤਾਂ ਜੋ ਉਹ ਹਰ ਖੇਤਰ ਵਿੱਚ ਅੱਵਲ ਰਹਿ ਸਕੇ।ਉਨ੍ਹਾਂ ਦੱਸਿਆ ਕਿ ਇਹ ਗਤੀਵਿਧੀ 31 ਮਾਰਚ ਤੱਕ ਜਾਰੀ ਰਹੇਗੀ। ਇਸ ਮੌਕੇ ਜੀਐਮ ਮਨਰੀਤ ਸਿੰਘ, ਡੀਜੀਐਮ ਗਗਨਦੀਪ ਕੌਰ, ਏਵੀਪੀ ਐਲੀਮੈਂਟਰੀ ਰਾਬੀਆ ਬਜਾਜ, ਹੈੱਡ ਮਿਸਟ੍ਰੈਸ ਅਰਚਨਾ, ਲਵੀਨਾ ਸੀਕਰੀ, ਜੀਵਨ ਜੋਤੀ, ਕਵਿਤਾ ਸ਼ਰਮਾ, ਰੀਟਾ ਚੋਪੜਾ, ਜਾਗ੍ਰਿਤੀ, ਅੰਜਲੀ ਸਚਦੇਵਾ, ਅਭਿਮਨਿਊ, ਵੰਦਨਾ ਭੰਡਾਰੀ ਤੇ ਕਿਸ਼ੋਰ ਸਿੰਘ ਆਦਿ ਹਾਜ਼ਰ ਸਨ।

ਗੁਰੂ ਨਾਨਕ ਕਾਲਜ 'ਚ ਮਨਾਇਆ ਰਾਸ਼ਟਰੀ ਸਾਇੰਸ ਦਿਵਸ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) ਗੁਰੂ ਨਾਨਕ ਕਾਲਜ ਦੇ ਪੋਸਟ ਗ੍ਰੈਜੂਏਟ ਬੇਸਿਕ ਸਾਇੰਸ ਵਿਭਾਗ ਤੇ ਗਣਿਤ ਵਿਭਾਗ ਵੱਲੋਂ ਸਟਾਰ ਕਾਲਜ ਸਕੀਮ, ਨਵੀਂ ਦਿੱਲੀ ਤਹਿਤ ਡੀ.ਬੀ.ਟੀ ਸਪਾਂਸਰ ਰਾਸ਼ਟਰੀ ਵਿਗਿਆਨ ਦਿਵਸ ਦਾ ਆਯੋਜਨ ਕੀਤਾ ਗਿਆ।ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਭੌਤਿਕ ਵਿਗਿਆਨ ਵਿਭਾਗ ਦੇ ਪ੍ਰੋਫੈਸਰ ਰੰਜਨ ਕੁਮਾਰ ਨੇ 'ਉਭਰਦੇ ਰੁਝਾਨ ਤੇ ਭਵਿੱਖ ਦੀਆਂ ਦਿਸ਼ਾਵਾਂ ਥਰਮੋਇਲੈਕਟ੍ਰਿਕ ਸਮੱਗਰੀ ਖੋਜ' ਵਿਸ਼ੇ 'ਤੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ।ਡਾ. ਰਾਜੇਸ਼ ਕੁਮਾਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਭੌਤਿਕ ਵਿਗਿਆਨ ਵਿਭਾਗ ਬਤੌਰ ਸਹਾਇਕ ਪ੍ਰੋਫੈਸਰ ਨੇ 'ਐਕਸ-ਰੇ ਡਿਫਰੈਕਸ਼ਨ ਤੋਂ ਬੇਸਿਕਸ ਤੋਂ ਐਪਲੀਕੇਸ਼ਨਜ਼' ਵਿਸ਼ੇ 'ਤੇ ਲੈਕਚਰ ਦਿੱਤਾ।ਇਨ੍ਹਾਂ ਵਿਸ਼ੇਸ਼ ਲੈਕਚਰਾਂ ਤੋਂ ਇਲਾਵਾ ਪ੍ਰੋਜੈਕਟ/ਮਾਡਲ ਪ੍ਰਦਰਸ਼ਨ, ਪਾਵਰ ਪੁਆਇੰਟ ਪੇਸ਼ਕਾਰੀ, ਪੋਸਟਰ ਪੇਸ਼ਕਾਰੀ, ਰੰਗੋਲੀ, ਲੀਫ ਆਰਟ ਮੁਕਾਬਲੇ ਅਤੇ ਕੁਇਜ਼ ਮੁਕਾਬਲੇ ਵਰਗੀਆਂ ਗਤੀਵਿਧੀਆਂ ਦੀ ਇੱਕ ਲੜੀ ਦਾ ਆਯੋਜਨ ਵੀ ਕੀਤਾ ਗਿਆ।ਜ਼ਿਕਰਯੋਗ ਹੈ ਕਿ ਇਨ੍ਹਾਂ ਗਤੀਵਿਧੀਆਂ ਵਿੱਚ ਪੰਜਾਬੀ ਯੂਨੀਵਰਸਿਟੀ ਕਾਲਜ ਜੈਤੋ, ਦੇਵ ਸਮਾਜ ਕਾਲਜ ਫ਼ਿਰੋਜ਼ਪੁਰ, ਐਮ ਆਰ ਐਸ ਪੀ ਟੀ ਯੂ ਬਠਿੰਡਾ ਤੇ ਮੋਜ਼ਬਾਨ ਕਾਲਜ ਦੇ 200 ਵਿਦਿਆਰਥੀਆਂ ਨੇ ਭਾਗ ਲਿਆ। ਜੇਤੂ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਦੇ ਕੇ ਪ੍ਰੋਤਸਾਹਿਤ ਕੀਤਾ ਗਿਆ।ਇਸ ਤੋਂ ਇਲਾਵਾ ਡਾ.ਭਵਨਦੀਪ ਕੌਰ, ਸਹਾਇਕ ਪ੍ਰੋਫੈਸਰ ਫਿਜਿਕਸ ,ਪੰਜਾਬੀ ਯੂਨੀਵਰਸਿਟੀ ਕਾਲਜ ਜੈਤੋ ਅਤੇ ਡਾ. ਮਨੀਸ਼ ਕੁਮਾਰ, ਸਹਾਇਕ ਪ੍ਰੋਫੈਸਰ ਬੋਟਨੀ, ਦੇਵ ਸਮਾਜ ਕਾਲਜ ਫ਼ਿਰੋਜ਼ਪੁਰ ਵੱਲੋਂ ਬਤੌਰ ਜੱਜ ਦੀ ਭੂਮਿਕਾ ਨਿਭਾਈ ਗਈ।ਕਾਲਜ ਪ੍ਰਿੰਸੀਪਲ ਡਾ. ਰਾਣਾ ਬਲਜਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਉਨ੍ਹਾਂ ਡਾ. ਅਨੀਤਾ ਰਾਣੀ ਮੁਖੀ ਬੇਸਿਕ ਸਾਇੰਸ ਤੇ ਡੀ.ਬੀ.ਟੀ. ਕੋਆਰਡੀਨੇਟਰ, ਡਾ: ਸਤਿੰਦਰ ਕੌਰ, ਮੁਖੀ ਗਣਿਤ ਵਿਭਾਗ ਤੇ ਸਾਰੇ ਫੈਕਲਟੀ ਮੈਂਬਰਾਂ ਨੂੰ ਇਸ ਪ੍ਰੋਗਰਾਮ ਦੇ ਆਯੋਜਨ ਲਈ ਕੀਤੇ ਗਏ ਯਤਨਾਂ ਲਈ ਮੁਬਾਰਕਬਾਦ ਦਿੱਤੀ।

ਐੱਸ.ਡੀ.ਐੱਮ. ਨੇ ਨਰੇਗਾ ਵਰਕਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ

ਬਾਘਾਪੁਰਾਣਾ (ਮਨੀ ਸਿੰਗਲਾ) ਲੋਕ ਸਭਾ ਦੀਆਂ ਚੋਣਾਂ ਦੁਨੀਆ ਦੀਆਂ ਸਭ ਤੋਂ ਵੱਡੀਆਂ ਚੋਣਾਂ ਹਨ, ਭਾਰਤ ਸੱਤਰ ਫ਼ੀਸਦੀ ਵੋਟਾਂ ਪਵਾਉਣ ਲਈ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ।ਹਾਲਾਂਕਿ ਰਾਜਨੀਤੀ ਲੋਕਾਂ ਲਈ ਬਹੁਤ ਉਲਝਣ ਵਾਲਾ ਵਿਸ਼ਾ ਹੈ, ਪਰ ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਗੰਭੀਰ ਮੁੱਦੇ ਜਿਵੇਂ ਗਰੀਬੀ ਹਟਾਉਣਾ, ਬਜ਼ੁਰਗਾਂ ਲਈ ਸੁਵਿਧਾ, ਪੜ੍ਹਾਈ, ਮੂਲ ਸੁਵਿਧਾਵਾਂ, ਵਾਤਾਵਰਥ ਦੀ ਸੁਰੱਖਿਆ, ਖੇਤੀ ਤੇ ਸ਼ਹਿਰੀ ਵਿਕਾਸ ਲਈ ਖੜੀਏ। ਹਰੇਕ ਪ੍ਰਕਾਰ ਦੀਆਂ ਚੋਣਾਂ ਵਿੱਚ ਹਰੇਕ ਵਰਗ ਦੇ ਲੋਕਾਂ ਦੀ ਸ਼ਮੂਲੀਅਤ ਹੋਣੀ ਬਹੁਤ ਜ਼ਰੂਰੀ ਹੈ, ਫਿਰ ਹੀ ਮਜਬੂਤ ਲੋਕਤੰਤਰ ਦਾ ਨਿਰਮਾਣ ਹੋ ਸਕਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਐਸ.ਡੀ.ਐਮ. ਹਰਕੰਵਲਜੀਤ ਸਿੰਘ ਨੇ ਪਿੰਡ ਘੋਲੀਆ ਕਲਾਂ ਵਿਖੇ ਨਰੇਗਾ ਵਰਕਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਦਵਿੰਦਰ ਸਿੰਘ ਬੀਡੀਪੀਓ ਤੇ ਸਵੀਪ ਨੋਡਲ ਅਫ਼ਸਰ ਬਾਘਾਪੁਰਾਣਾ ਸੰਜੀਵ ਕੁਮਾਰ ਤੇ ਹੋਰ ਵੀ ਮੌਜੂਦ ਸਨ। ਹਰਕੰਵਲਜੀਤ ਸਿੰਘ ਨੇ ਦੱਸਿਆ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਇੱਥੇ ਵੋਟ ਪ੍ਰਤੀਸ਼ਤਤਾ ਕਾਫ਼ੀ ਘੱਟ ਸੀ, ਹੁਣ ਇੱਥੋਂ ਦੇ ਸਮੂਹ ਵਰਗ ਦੇ ਲੋਕਾਂ ਨੂੰ ਵੋਟ ਫ਼ੀਸਦੀ ਵਧਾਉਣ ਲਈ ਮਿਲ ਕੇ ਯੋਗਦਾਨ ਦੇਣਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਲੋਕ ਸਭਾ ਚੋਣਾਂ-2024 ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।ਚੋਣ ਜ਼ਾਬਤੇ ਦੀ ਉਲੰਘਣਾ ਜਾਂ ਹੋਰ ਚੋਣਾਂ ਸਬੰਧੀ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਜ਼ਿਲ੍ਹਾ ਪੱਧਰੀ ਤੇ ਸਬ ਡਿਵੀਜ਼ਨਲ ਪੱਧਰੀ ਕੰਟਰੋਲ ਰੂਮ ਲਗਾਤਾਰ ਕੰਮ ਕਰ ਰਹੇ ਹਨ।ਉਨ੍ਹਾਂ ਵੋਟਾਂ ਵਿੱਚ ਸਹਾਈ ਹੋਣ ਵਾਲੇ ਸਕਸ਼ਮ ਐਪ, ਵੋਟਰ ਹੈਲਪਲਾਈਨ ਐਪ ਬਾਰੇ ਵੀ ਵਿਸਥਾਰ ਨਾਲ ਦੱਸਿਆ।

ਵਿਆਹੁਤਾ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਦੇ ਦੋਸ਼ 'ਚ ਸਹੁਰੇ ਖਿਲਾਫ਼ ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਪਿੰਡ ਬੁਰਜ ਮੱਖਣ ਸਿੰਘ ਵਾਲਾ ਵਿੱਚ ਥਾਣਾ ਲੱਖੋ ਕੇ ਬਹਿਰਾਮ ਦੀ ਪੁਲਿਸ ਨੇ ਵਿਆਹ ਵਿੱਚ ਘੱਟ ਦਾਜ ਲਿਆਉਣ ਦੇ ਦੋਸ਼ ਵਿੱਚ ਇੱਕ ਵਿਆਹੁਤਾ ਨੂੰ ਕੁੱਟਮਾਰ ਕਰਕੇ ਜ਼ਖ਼ਮੀ ਕਰਨ ਦੇ ਦੋਸ਼ ਹੇਠ ਸਹੁਰੇ ਪਰਵਾਰ ਖ਼ਿਲਾਫ਼ ਕੇਸ ਦਰਜ ਕੀਤਾ ਹੈ।ਜ਼ਖ਼ਮੀ ਲੜਕੀ ਨੂੰ ਇਲਾਜ ਲਈ ਫ਼ਿਰੋਜ਼ਪੁਰ ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ।ਜਾਂਚ ਅਧਿਕਾਰੀ ਗੁਰਦੀਪ ਸਿੰਘ ਨੇ ਦੱਸਿਆ ਕਿ ਪੀੜਤ ਰੇਨੂੰ ਬਾਲਾ ਪਤਨੀ ਨਸੀਬ ਸਿੰਘ ਵਾਸੀ ਬੁਰਜ ਮੱਖਣ ਸਿੰਘ ਵਾਲਾ ਨੇ ਦੱਸਿਆ ਕਿ ਉਸ ਦਾ ਵਿਆਹ 6 ਸਾਲ ਪਹਿਲਾਂ ਟਹਿਲ ਸਿੰਘ ਨਾਲ ਹੋਇਆ ਸੀ।ਕੁੱਝ ਸਮੇਂ ਬਾਅਦ ਉਸ ਦੇ ਪਤੀ ਦੀ ਮੌਤ ਹੋ ਜਾਣ 'ਤੇ ਉਸ ਦਾ ਵਿਆਹ ਇਕ ਸਾਲ ਪਹਿਲਾਂ ਨਸੀਬ ਸਿੰਘ ਨਾਲ ਹੋ ਗਿਆ।ਉਸ ਨੇ ਦੋਸ਼ ਲਾਇਆ ਕਿ ਵਿਆਹ ਤੋਂ ਬਾਅਦ ਉਸ ਦੇ ਸਹੁਰੇ ਵਾਲੇ ਅਕਸਰ ਉਸ ਨੂੰ ਵਿਆਹ ਲਈ ਘੱਟ ਦਾਜ ਲਿਆਉਣ ਲਈ ਤੰਗ ਪ੍ਰੇਸ਼ਾਨ ਕਰਦੇ ਸਨ।ਉਸ ਨੇ ਦੋਸ਼ ਲਾਇਆ ਕਿ ਜਦੋਂ ਉਸ ਨੇ ਉਨ੍ਹਾਂ ਦਾ ਵਿਰੋਧ ਕੀਤਾ ਤਾਂ ਉਸ ਦੇ ਸਹੁਰਿਆਂ ਨੇ ਉਸ ਦੀ ਕੁੱਟਮਾਰ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਤੇ ਫਿਰ ਫਰਾਰ ਹੋ ਗਏ।ਜਾਂਚ ਅਧਿਕਾਰੀ ਨੇ ਦੱਸਿਆ ਕਿ ਪੀੜਤ ਦੇ ਬਿਆਨਾਂ 'ਤੇ ਨਸੀਬ ਸਿੰਘ, ਗੁਰਮੀਤ ਸਿੰਘ, ਅਵਤਾਰ ਸਿੰਘ, ਕੁਲਵੰਤ ਕੌਰ ਤੇ ਸਰਬਜੀਤ ਕੌਰ ਵਾਸੀ ਬੁਰਜ ਮੱਖਣ ਸਿੰਘ ਵਾਲਾ ਦੇ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

ਮਨਜੋਤ ਨੇ ਚਮਕਾਇਆ ਸਕੂਲ ਦਾ ਨਾਂਅ, ਵਜ਼ੀਫ਼ਾ ਪ੍ਰੀਖਿਆ 'ਚੋਂ ਪ੍ਰਾਪਤ ਕੀਤਾ ਚੌਥਾ ਸਥਾਨ

ਸੰਗਰੂਰ/ਲਹਿਰਾਗਾਗਾ (ਪ੍ਰਵੀਨ ਸਿੰਘ) ਡਾ. ਦੇਵ ਰਾਜ ਡੀ.ਏ.ਵੀ ਪਬਲਿਕ ਸਕੂਲ ਦੀ ਵਿਦਿਆਰਥਣ ਮਨਜੋਤ ਕੌਰ ਸਪੁੱਤਰੀ ਬੂਟਾ ਸਿੰਘ/ ਬੇਅੰਤ ਕੌਰ ਨੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਮਹਾਨ ਪੱਤਰਕਾਰ ਤੇ ਆਜ਼ਾਦੀ ਘੁਲਾਟੀਏ ਸ਼ਹੀਦ ਗਣੇਸ਼ ਸ਼ੰਕਰ ਵਿਦਿਆਰਥੀ ਨੂੰ ਸਮਰਪਤ ਕਰਾਈ 34ਵੀਂ ਸਲਾਨਾ ਵਜ਼ੀਫ਼ਾ ਪ੍ਰੀਖਿਆ ਵਿੱਚੋਂ ਚੌਥਾ ਸਥਾਨ ਪ੍ਰਾਪਤ ਕਰਕੇ ਸਭਨਾਂ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਪ੍ਰਬੰਧਕ ਕਮੇਟੀ ਦੇ ਆਹੁਦੇਦਾਰ ਸ੍ਰੀ ਐਲ.ਕੇ.ਖੋਖਰ, ਪੀ.ਕੇ. ਖੋਖਰ ਤੇ ਕਾਨੂੰਨੀ ਸਲਾਹਕਾਰ ਐਡਵੋਕੇਟ ਅਨਿਰੁੱਧ ਕੌਸ਼ਲ ਨੇ ਦੱਸਿਆ ਕਿ ਡੀ.ਟੀ.ਐਫ ਵੱਲੋਂ ਕਰਾਈ ਵਜ਼ੀਫ਼ਾ ਪ੍ਰੀਖਿਆ ਦੇ ਮਿਡਲ ਵਰਗ (ਪ੍ਰਾਈਵੇਟ ਸਕੂਲ) ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ ਹੈ।ਉਨ੍ਹਾਂ ਸਕੂਲ ਦੀ ਇਸ ਸ਼ਾਨਾਮੱਤੀ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਹ ਸਭ ਕੁਝ ਅਣਥੱਕ ਅਧਿਆਪਕਾਂ ਵੱਲੋਂ ਕਰਾਈ ਪੂਰੀ ਸ਼ਿੱਦਤ ਨਾਲ ਮਿਹਨਤ ਅਤੇ ਵਿਦਿਆਰਥਣ ਵੱਲੋਂ ਕੀਤੀ ਮਿਹਨਤ ਦਾ ਜਿਊਂਦਾ ਜਾਗਦਾ ਸਬੂਤ ਹੈ। ਉਨ੍ਹਾਂ ਦੱਸਿਆ ਕਿ 29 ਨੂੰ ਧੂਰੀ ਵਿਖੇ ਡੀਟੀਐਫ ਵੱਲੋਂ ਇਸ ਵਿਦਿਆਰਥਣ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ।

'ਆਪ' ਵਰਕਰਾਂ ਵੱਲੋਂ ਸਿਰਸਾ 'ਚ ਪ੍ਰਦਰਸ਼ਨ

ਸਿਰਸਾ (ਸੁਰਿੰਦਰ ਪਾਲ ਸਿੰਘ) ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਖਿਲਾਫ਼ ਸਿਰਸਾ 'ਚ 'ਆਪ' ਆਗੂਆਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਧਿਆਨ ਰਹੇ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਕੇਜ਼ਰੀਵਾਲ ਨੂੰ ਸ਼ਰਾਬ ਘੋਟਾਲੇ ਵਿੱਚ ਹਾਲ ਹੀ ਵਿੱਚ ਈਡੀ ਨੇ ਗ੍ਰਿਫ਼ਤਾਰ ਕੀਤਾ ਸੀ, ਜਿਸ ਕਾਰਨ 'ਆਪ' ਵਰਕਰਾਂ ਨੇ ਰੋਸ ਪ੍ਰਦਰਸ਼ਨ ਕੀਤਾ।ਪ੍ਰਦਰਸ਼ਨ ਦੇ ਮੱਦੇਨਜ਼ਰ ਵੱਡੀ ਗਿਣਤੀ ਵਿੱਚ ਪੁਲਿਸ ਬਲ ਤਾਇਨਾਤ ਕੀਤੇ ਗਏ ਸਨ।

ਧਰਨੇ ਦੀ ਅਗਵਾਈ ਕਰ ਰਹੇ ਆਮ ਆਦਮੀ ਪਾਰਟੀ ਹਰਿਆਣਾ ਦੇ ਸੀਨੀਅਰ ਆਗੂਆਂ ਨੇ ਕਿਹਾ ਕਿ ਚੋਣ ਜ਼ਾਬਤਾ ਹੋਣ ਦੇ ਬਾਵਜੂਦ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਸਿਆਸੀ ਸਾਜ਼ਿਸ਼ ਦੇ ਤਹਿਤ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਹੈ।ਉਨ੍ਹਾਂ ਕਿਹਾ ਕਿ ਭਾਜਪਾ ਲੋਕਤੰਤਰ ਦਾ ਘਾਣ ਕਰ ਰਹੀ ਹੈ।

ਸਮਾਨ ਚੋਰੀ ਕਰਨ ਆਏ ਵਿਅਕਤੀ ਕਾਰ ਛੱਡ ਭੱਜੇ, ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਪਿੰਡ ਪੀਰਜੈਨ ਦੇ ਅੱਡੇ 'ਚ ਰਾਤ ਨੂੰ ਦੁਕਾਨਾਂ 'ਚ ਚੋਰੀ ਕਰਨ ਆਏ ਵਿਅਕਤੀਆਂ ਵੱਲੋਂ ਕਾਰ ਮੌਕੇ 'ਤੇ ਛੱਡ ਕੇ ਭੱਜ ਜਾਣ ਦਾ ਸਮਾਚਾਰ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਲਾਭ ਸਿੰਘ ਵਾਸੀ ਪਿੰਡ ਰਾਏਪੁਰ ਨੇ ਦੱਸਿਆ ਕਿ ਉਹ ਪਿੰਡ ਪੀਰਜੈਨ ਦੇ ਅੱਡੇ 'ਚ ਬਿਜਲੀ ਦੀਆਂ ਮੋਟਰਾਂ ਰਿਪੇਅਰ ਕਰਨ ਦੀ ਦੁਕਾਨ ਕਰਦਾ ਹੈ ਤੇ 24 ਅਤੇ 25 ਮਾਰਚ ਦੀ ਦਰਮਿਆਨੀ ਰਾਤ ਨੂੰ ਉਹ ਆਪਣੀ ਦੁਕਾਨ ਦੀ ਛੱਤ 'ਤੇ ਸੁੱਤਾ ਪਿਆ ਸੀ ਤਾਂ ਰਾਤ ਕਰੀਬ ਡੇਢ ਕੁ ਵਜੇ ਉਸਨੂੰ ਖੜਕਾ ਸੁਣਾਈ ਦਿੱਤਾ, ਜਿਸ 'ਤੇ ਜਦੋਂ ਉਸਨੇ ਉੱਠ ਕੇ ਹੇਠਾਂ ਦੇਖਿਆ ਤਾਂ ਤਿੰਨ ਵਿਅਕਤੀ ਉਸਦੀ ਅਤੇ ਉਸਦੇ ਗੁਆਂਢ 'ਚ ਮੋਟਰਸਾਈਕਲ ਰਿਪੇਅਰ ਦਾ ਕੰਮ ਕਰਨ ਵਾਲੇ ਧਰਮਪਾਲ

28-March-PAGE-3.qxd 3/27/2024 11:24 PM Page 1

ਜਨਮ ਦਿਨ ਮੁਬਾਰਕ

ਸਹਿਜਪ੍ਰੀਤ ਕੌਰ, ਬਰੇਟਾ

ਵਰ੍ਹੇਗੰਢ ਮੁਬਾਰਕ

ਜਗਜੀਤ ਸਿੰਘ ਤੇ ਪਰਮਜੀਤ ਕੌਰ ਨੇ ਆਪਣੇ ਵਿਆਹ ਦੀ ਸਿਲਵਰ ਜੁਬਲੀ ਮਨਾਈ

ਸੁਖਵਿੰਦਰ ਸਿੰਘ ਅਤੇ ਰਣਜੀਤ ਕੌਰ ਵਾਸੀ ਦਲੇਲ ਸਿੰਘ ਵਾਲਾ, ਜ਼ਿਲ੍ਹਾ ਮਾਨਸਾ ਨੇ ਆਪਣੇ ਵਿਆਹ ਦੀ 32ਵੀਂ ਵਰ੍ਹੇਗੰਢ ਮਨਾਈ।

ਕੁਲਦੀਪ ਸਿੰਘ ਅਤੇ ਸਿਲਕੀ ਕੌਰ ਵਾਸੀ ਸ਼ਾਹਕੋਟ ਨੇ ਆਪਣੇ ਵਿਆਹ ਦੀ 17ਵੀਂ ਗਰ੍ਹੇਗੰਢ ਮਨਾਈ।

ਨਾਜਾਇਜ਼ ਸ਼ਰਾਬ ਤੇ ਨਸ਼ਿਆਂ ਨੂੰ ਠੱਲ੍ਹਣ ਲਈ ਦਰਿਆ ਵਿਚਲੇ ਟਾਪੂਆਂ ਤੇ ਵੀ ਹੋਵੇਗੀ ਪ੍ਰਸ਼ਾਸਨ ਦੀ ਤਿੱਖੀ ਨਜ਼ਰ : ਡੀਸੀ

ਗੁਰਦਾਸਪੁਰ, (ਜਨਕ ਮਹਾਜਨ)

ਲੋਕ ਸਭਾ ਚੋਣਾਂ ਦੌਰਾਨ ਨਜਾਇਜ਼ ਸ਼ਰਾਬ ਤੇ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਹੁਣ 'ਬੋਟ ਤੇ ਡਰੋਨ' ਰਾਹੀਂ ਵਿਸ਼ੇਸ਼ ਨਜ਼ਰ ਰੱਖੀ ਜਾਵੇਗੀ। ਡੀਸੀ ਵਿਸ਼ੇਸ਼ ਸਾਰੰਗਲ ਦੀਆਂ ਹਦਾਇਤਾਂ ਤਹਿਤ ਪੁਲਸ ਵਿਭਾਗ ਅਤੇ ਐਕਸਾਈਜ਼ ਵਿਭਾਗ ਦੀਆਂ ਵਿਸ਼ੇਸ਼ ਫਲਾਇੰਗ ਸਕੂਐਡ ਟੀਮਾਂ ਹੁਣ ਬੋਟ ਰਾਹੀਂ ਦਰਿਆ ਬਿਆਸ ਦੇ ਵਿੱਚ ਜਾ ਕੇ ਨਜਾਇਜ਼ ਸ਼ਰਾਬ ਦੇ ਕਾਰੋਬਾਰ ਨੂੰ ਰੋਕ ਕੇ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨਗੀਆਂ। ਇਸ ਦੌਰਾਨ ਵਿਸ਼ੇਸ਼ ਟੀਮਾਂ ਦੀ ਡਰੋਨ ਰਾਹੀਂ ਵੀ ਇਨ੍ਹਾਂ ਖੇਤਰਾਂ ਉਪਰ ਖ਼ਾਸ ਨਜ਼ਰ ਰਹੇਗੀ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ ਲੋਕ ਸਭਾ ਚੋਣਾਂ ਸਬੰਧੀ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਚੋਣਾਂ ਵਿੱਚ ਨਸ਼ਿਆਂ ਦੀ ਵਰਤੋਂ ਬਿਲਕੁਲ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਇਸ

ਸਬੰਧੀ ਵਿਸ਼ੇਸ਼ ਫਲਾਇੰਗ ਸਕੂਐਡ ਟੀਮਾਂ ਗਠਿਤ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਪੁਲਸ ਤੇ ਐਕਸਾਈਜ਼ ਵਿਭਾਗ ਦੀ ਟੀਮ ਵੱਲੋਂ ਦਰਿਆ ਬਿਆਸ ਦੇ ਮੋਚਪੁਰ ਇਲਾਕੇ ਵਿਚੋਂ ਸਾਂਝੇ ਓਪਰੇਸ਼ਨ ਦੌਰਾਨ 300540 ਐੱਮਐੱਲ ਨਜਾਇਜ਼ ਸ਼ਰਾਬ ਤੇ 4400 ਕਿੱਲੋ ਲਾਹਣ ਬਰਾਮਦ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ।

ਸ੍ਰੀ ਗੁਰੂ ਰਵਿਦਾਸ ਜਨਮ ਉਤਸਵ ਕਮੇਟੀ ਦਿੱਲੀ ਹੋਈ ਸ੍ਰੀ ਚਰਨਛੋਹ ਗੰਗਾ ਵਿਖੇ ਨਤਮਸਤਕ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)

ਸ੍ਰੀ ਗੁਰੂ ਰਵਿਦਾਸ ਜਨਮ ਉਤਸਵ ਕਮੇਟੀ ਦਿੱਲੀ ਦਾ ਜਥਾ ਵੱਡੀ ਗਿਣਤੀ ਵਿੱਚ ਸੰਗਤਾਂ ਸਮੇਤ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਅਮ੍ਰਿੰਤਕੁੰਡ ਸੱਚਖੰਡ ਖੁਰਾਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਇਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ,ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ,ਸੰਤ ਕਰਮ ਚੰਦ,ਸੰਤ ਦਿਆਲ ਚੰਦ ਬੇਗਾ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸੁੰਦਰ ਸਰੂਪ ਭੇਂਟ ਕਰਕੇ ਕਮੇਟੀ ਦਾ ਨਿੱਘਾ ਭਰਪੂਰ ਸਵਾਗਤ ਕੀਤਾ।ਇਸ ਮੌਕੇ ਸ੍ਰੀ ਗੁਰੂ ਰਵਿਦਾਸ ਜਨਮ ਉਤਸਵ ਕਮੇਟੀ ਦਿੱਲੀ ਦੇ ਪ੍ਰਧਾਨ ਬ੍ਰਹਮਾ ਪ੍ਰਕਾਸ਼ ਬੁਲਾਕੀ,ਮੋਹਨ ਲਾਲ ਵਾਈਸ ਪ੍ਰਧਾਨ,ਅਸ਼ੋਕ ਕੈਸ਼ੀਅਰ, ਗੌਰਵ ਆਦਿਤਿਆ ਲਾਲ,ਦਵਿੰਦਰ ਕਰਦਮ,ਧਰਮ ਰਾਜ ਬੇਰੀ, ਤਿਰਲੋਕ ਚੰਦ,ਮਾਨ ਸਿੰਘ,ਕਮਲ ਕਿਸ਼ੋਰ,ਮਨੋਜ ਮਾਨੇਬਰ , ਨਰੇਸ਼ ਕੁਮਾਰ, ਰਸਿੰਦਰ ਕੁਮਾਰ, ਨੰਦ ਕਿਸ਼ੋਰ ਭਾਰਤੀ, ਬਲਵੰਤ ਸਿੰਘ, ਤੇਜ ਸਿੰਘ ਰਜੇਸ਼,ਮਹਾਂ

ਮੰਤਰੀ ਦਿਵਆਂਸ਼ ਬੇਰੀ ਆਦਿ ਹਾਜਰ ਸਨ। ਸੰਤ ਸਤਵਿੰਦਰ ਹੀਰਾ,ਸੰਤ ਸੁਰਿੰਦਰ ਦਾਸ ਨੇ ਕਿਹਾ ਕਿ 11 ਤੋਂ 14 ਅਪ੍ਰੈਲ ਤੱਕ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਵਿਖੇ ਹੋਣ ਵਾਲੇ ਸ੍ਰੀ ਅੰਮ੍ਰਿਤਧਾਰਾ ਪ੍ਰਗਟ ਦਿਵਸ,ਮਹਾਤਮਾ ਜੋਤੀਬਾ ਫੂਲੇ ਜਨਮ ਦਿਵਸ ਅਤੇ ਡਾ. ਅੰਬੇਡਕਰ ਜਨਮ ਦਿਵਸ ਸਮਾਗਮਾਂ ਵਿੱਚ ਦੇਸ਼ ਵਿਦੇਸ਼, ਹੋਰਾਂ ਸੂਬਿਆਂ ਤੋਂ ਇਲਾਵਾ ਦਿੱਲੀ ਤੋਂ ਵੀ ਵੱਡੀ ਪੱਧਰ 'ਤੇ ਸੰਗਤਾਂ ਸ਼ਾਮਲ ਹੋਣਗੀਆਂ।

ਬੀ ਐੱਸ ਐੱਫ ਨੂੰ ਸਰਚ ਦੌਰਾਨ ਪਾਕਿਸਤਾਨੀ ਡਰੋਨ ਮਿਲਿਆ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—ਬੀਤੀ ਰਾਤ ਅਜਨਾਲਾ ਤਹਿਸੀਲ ਦੇ ਸਰਹੱਦੀ ਪਿੰਡ ਪੰਜ ਗਰਾਈਆਂ ਤੋਂ ਬੀਐੱਸਐੱਫ ਦੇ ਜਵਾਨਾਂ ਨੂੰ ਸਰਚ ਦੌਰਾਨ ਪਾਕਿਸਤਾਨ ਤੋਂ ਆਇਆ ਇਕ ਡਰੋਨ ਮਿਲਿਆ! ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੀਐੱਸਐੱਫ ਦੀ 117 ਬਟਾਲੀਅਨ ਦੇ ਅਧਿਕਾਰੀਆਂ ਨੇ ਦੱਸਿਆ ਕਿ

ਬੀਤੀ ਰਾਤ ਬੀਐੱਸਐੱਫ ਦੇ ਜਵਾਨਾਂ ਨੂੰ ਪਾਕਿਸਤਾਨ ਵਾਲੀ ਸਾਈਡ ਤੋਂ ਇਕ ਡਰੋਨ ਦੀ ਆਵਾਜ਼ ਸੁਣਾਈ ਦਿੱਤੀ, ਜਿਸ ਤੋਂ ਬਾਅਦ ਸਵੇਰੇ ਜਵਾਨਾਂ ਨੇ ਇਲਾਕੇ ਦੀ ਸਰਚ ਕੀਤੀ ਤੇ ਸਰਚ ਦੌਰਾਨ ਇਹ ਡਰੋਨ ਮਿਲਿਆ! ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਪਾਕਿਸਤਾਨ ਆਪਣੀਆਂ ਕੋਝੀਆਂ ਚਾਲਾਂ ਦੇ ਚਲਦਿਆਂ ਡਰੋਨ ਰਸਤੇ ਨਸ਼ਾ ਸਮੱਗਰੀ ਨੂੰ ਭਾਰਤ ਵਿੱਚ ਸੁੱਟ ਰਿਹਾ ਹੈ ਜਿਸ ਨੂੰ ਲੈ ਕੇ ਬੀਐੱਸਐੱਫ ਪਹਿਲਾਂ ਹੀ ਕਾਫੀ ਸਰਗਰਮ ਹੈ।

ਨਵੇਂ ਬਣ ਰਹੇ ਓਵਰਬ੍ਰਿਜ ਤੋਂ ਹੇਠਾਂ ਡਿੱਗਣ ਕਾਰਨ ਮਜ਼ਦੂਰ ਦੀ ਮੌਤ

ਗੁਰਦਾਸਪੁਰ, (ਜਨਕ ਮਹਾਜਨ)-ਬਹਿਰਾਮਪੁਰ ਤੋਂ ਦੀਨਾਨਗਰ ਨੂੰ ਜਾਂਦੇ ਸਮੇਂ ਰਸਤੇ ਵਿਚ ਬਣ ਰਹੇ ਰੇਲਵੇ ਓਵਰਬ੍ਰਿਜ 'ਤੇ ਕੰਮ ਕਰਦੇ ਮਜ਼ਦੂਰ ਦੀ ਪੁਲ ਤੋਂ ਹੇਠਾਂ ਡਿਗਣ ਕਰਕੇ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਰੀਬ 3 ਵਜੇ ਮਜ਼ਦੂਰ ਬਲਦੇਵ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਠੱਠੀਆਂ ਖੁਰਦ ਵਾਸੀ ਤਰਨਤਾਨ ਪੁਲ 'ਤੇ ਰੋਜ਼ਾਨਾ ਦੀ ਤਰ੍ਹਾਂ ਕੰਮ ਕਰ ਰਿਹਾ ਸੀ ਕਿ ਅਚਾਨਕ ਹੇਠਾਂ ਡਿੱਗ ਗਿਆ। ਹੇਠਾਂ ਡਿੱਗਦੇ ਹੀ ਉਹ ਕਾਫ਼ੀ ਜ਼ਖਮੀ ਹੋ ਗਿਆ ਜਿਸ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਦਾਖਲ ਕਰਵਾਇਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਮੌਕੇ 'ਤੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਮਜ਼ਦੂਰ ਬਿਨਾਂ ਸੇਫਟੀ 'ਤੇ ਇਥੇ ਕੰਮ ਕਰ ਰਿਹਾ ਸੀ ਅਤੇ ਹੇਠਾਂ ਡਿੱਗਣ ਕਾਰਨ ਉਸ ਦੇ ਗੁੱਝੀ ਸੱਟ ਲੱਗ ਗਈ ਜੋ ਜ਼ਖਮਾਂ ਦੀ ਤਾਬ ਨਾ ਝਲਦਾ ਹੋਇਆ ਦਮ ਤੋੜ ਗਿਆ।

ਬਾਬਾ ਬਘੇਲ ਸਿੰਘ ਦੀ ਯਾਦ 'ਚ ਹੋਲਾ ਮਹੱਲਾ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਤਰਨਤਾਰਨ ਰੋਡ 'ਤੇ ਸਥਿਤ ਗੁਰਦੁਆਰਾ ਦਿੱਲੀ ਫਤਿਹ ਬਾਬਾ ਬਘੇਲ ਸਿੰਘ ਵਿਖੇ ਹਰ ਸਾਲ ਦੀ ਤਰ੍ਹਾਂ ਸਮੂਹ ਇਲਾਕੇ ਅਤੇ ਦੇਸ਼ ਵਿਦੇਸ਼ ਦੀ ਸਮੁੱਚੀ ਸੰਗਤ ਦੇ ਸਹਿਯੋਗ ਨਾਲ ਦਿੱਲੀ ਫਤਿਹ ਬਾਬਾ ਬਘੇਲ ਸਿੰਘ ਦੀ ਯਾਦ ਅੰਦਰ ਹੋਲਾ

ਮਹੱਲਾ ਮਨਾਇਆ ਗਿਆ। ਸਵੇਰੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਤੰਗ ਗ੍ਰੰਥੀ ਸਿੰਘ ਵੱਲੋਂ ਕਥਾ ਵੀਚਾਰ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤੇ। ਆਉਣ ਜਾਣ ਵਾਲੀਆਂ ਸੰਗਤਾ ਨੂੰ ਰੋਕ-ਰੋਕ ਕੇ ਲੰਗਰ ਛਕਾ ਏ ਜਾ ਰਹੇ ਹਨ। ਇਸ ਮੌਕੇ ਮੁੱਖ ਸੇਵਾਦਾਰ ਗੁਰਦੁਆਰਾ ਬਾਬਾ ਬਘੇਲ ਸਿੰਘ ਬਾਬਾ ਅਜੀਤ ਸਿੰਘ, ਬਾਬਾ ਤੇਗਾ ਸਿੰਘ, ਗੁਰਮੀਤ ਸਿੰਘ, ਨੰਬਰਦਾਰ ਬਘੇਲ ਸਿੰਘ ਵਾਲਾ, ਫੌਜੀ ਸੁਖਵੰਤ ਸਿੰਘ, ਹਰਦੇਵ ਸਿੰਘ, ਸੁਖਦੇਵ ਸਿੰਘ, ਬਲਦੇਵ ਸਿੰਘ, ਗੁਰਬਖਸ਼ ਸਿੰਘ, ਸਤਨਾਮ ਸਿੰਘ, ਬਲਦੇਵ ਸਿੰਘ, ਜਸਬੀਰ ਸਿੰਘ ਰਮਾਣਾ ਪੰਡੋਰੀ, ਹਰਦਿਆਲ ਸਿੰਘ ਰਮਾਣਾ ਪੰਡੋਰੀ, ਗ੍ਰੰਥੀ ਸਿੰਘ ਬਾਬਾ ਕਾਕੂ, ਸਾਹਬ ਸਿੰਘ ਝਬਾਲ, ਰਘਬੀਰ ਸਿੰਘ ਕੋਟ, ਜੱਗਾ ਠੱਠੀ ਖਾਰਾ, ਅੰਗਰੇਜ਼ ਸਿੰਘ, ਬਾਬਾ ਚੰਨਾ ਸਿੰਘ, ਬਾਬਾ ਜਗਜੀਤ ਸਿੰਘ, ਗ੍ਰੰਥੀ ਬਾਬਾ ਅਜੀਤ ਸਿੰਘ, ਗੁਰਬਖਸ਼ ਸਿੰਘ, ਤਰਸੇਮ ਸਿੰਘ ਅਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਹੋਲਾ ਮਹੱਲਾ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ

ਮੋਹਾਲੀ (ਗੁਰਜੀਤ ਬਿੱਲਾ)

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਰੰਭੇ ਗਏ ਹੋਲੇ ਮਹੱਲੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਮਨਜੀਤ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਦਸਮ ਪਿਤਾ ਜੀ ਦੁਆਰਾ 1699 ਈ: ਵਿੱਚ ਖਾਲਸਾ ਪੰਥ ਦੀ ਸਿਰਜਣਾ ਕਰਨ ਅਤੇ 1700 ਈ: ਵਿੱਚ ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲੇ ਮਹੱਲੇ ਦੀ ਸ਼ੁਰੂਆਤ ਕਰਨ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਢਾਡੀ ਵਾਰਾਂ ਵਿਸਥਾਰ ਸਹਿਤ ਸਰਵਣ ਕਰਾਇਆ। ਬੀਬੀ ਉਤੱਮਜੀਤ ਕੌਰ ਖਾਲਸਾ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਇਲਾਹੀ ਬਾਣੀ ਨਾਲ ਗਵਾ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਵਾਲਿਆਂ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਮਹੱਤਤਾ ਦੱਸਦੇ ਹੋਏ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ।ਇਸ ਤੋਂ ਇਲਾਵਾ ਮਾਤਾ ਸੁੰਦਰ ਕੌਰ ਸਰਬ ਸਾਂਝੀ ਸੋਸਾਇਟੀ, ਬੀਬੀ ਕਮਲਜੀਤ ਕੌਰ, ਭਾਈ ਹਰਕੰਵਲ ਸਿੰਘ, ਬਾਬਾ ਦੀਪ ਸਿੰਘ

ਕਵੀਸ਼ਰੀ ਜੱਥਾ, ਭਾਈ ਨਿਰਮੋਲ ਸਿੰਘ, ਭਾਈ ਗੁਰਦੀਪ ਸਿੰਘ, ਸ਼ੇਰ ਏ ਪੰਜਾਬ ਕਵੀਸ਼ਰੀ ਜੱਥਾ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਮੀਰੀ ਪੀਰੀ ਪੰਥਕ ਢਾਡੀ ਜੱਥਾ, ਭਗੜਾਨੇ ਵਾਲਿਆਂ ਦਾ ਕਵੀਸ਼ਰੀ ਜਥਾ, ਭਾਈ ਗੁਰਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਨੀਤਿਨ ਸਿੰਘ ਅਤੇ ਭਾਈ ਸੁਰਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ ।ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ।

ਰਿਆਤ ਬਾਹਰਾ 'ਵਰਸਿਟੀ ਵਿਖੇ ਮਹਿਲਾ ਸਸ਼ਕਤੀਕਰਨ 'ਤੇ ਐਕਸਪਰਟ ਟਾਕ ਕਰਵਾਈ

ਕੁਰਾਲੀ, (ਮੋਹਨ ਅਗਰਵਾਲ)

ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਲਾਅ ਵੱਲੋਂ 'ਔਰਤਾਂ ਦੇ ਅਧਿਕਾਰ: ਕਾਨੂੰਨ ਅਤੇ ਸਮਾਜ ਦੀ ਭੂਮਿਕਾ' ਵਿਸ਼ੇ 'ਤੇ ਐਕਸਪਰਟ ਟਾਕ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਪੰਜਾਬ ਯੂਨੀਵਰਸਿਟੀ ਦੀ ਪ੍ਰੋ: ਰਾਣੀ ਮਹਿਤਾ ਨੇ ਮਾਹਿਰ ਲੈਕਚਰ ਦਿੱਤਾ। ਉਨ੍ਹਾਂ ਕਿਹਾ ਕਿ ਔਰਤਾਂ ਵਿਰੁੱਧ ਹਿੰਸਾ ਵਧ ਰਹੀ ਹੈ। ਦੂਰ-ਦੁਰਾਡੇ ਖੇਤਰਾਂ ਵਿੱਚ ਔਰਤਾਂ ਨੂੰ ਵਧੇਰੇ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗਰੀਬੀ ਅਤੇ ਪਿਤਾ-ਪੁਰਖਤਾ ਦੇ ਮੁੱਦੇ ਸਾਡੇ ਸੱਭਿਆਚਾਰ ਵਿੱਚ ਔਰਤਾਂ ਦੇ ਸਸ਼ਕਤੀਕਰਨ ਵਿੱਚ ਮਹੱਤਵਪੂਰਨ ਰੁਕਾਵਟਾਂ ਹਨ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਆਪਣੀ ਚੋਣ ਕਰਨ ਦੀ ਖੁਦਮੁਖਤਿਆਰੀ ਹੋਣਾ ਔਰਤਾਂ ਦੇ ਸਸ਼ਕਤੀਕਰਨ ਦਾ ਮੁੱਖ ਹਿੱਸਾ ਹੈ। ਕਿਸੇ ਦੀ ਸਮਾਜਿਕ-ਆਰਥਿਕ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਮਰਦ ਅਤੇ ਔਰਤਾਂ ਨੂੰ ਇੱਕ ਦੂਜੇ ਨਾਲ ਸਨਮਾਨ ਨਾਲ ਪੇਸ਼ ਆਉਣਾ ਚਾਹੀਦਾ ਹੈ। ਉਨ੍ਹਾਂ ਨੂੰ ਮੁਕਾਬਲਾ ਕਰਨਾ ਬੰਦ ਕਰਨਾ ਚਾਹੀਦਾ ਹੈ ਅਤੇ ਇੱਕ ਟੀਮ ਦੇ ਰੂਪ ਵਿੱਚ ਇਕੱਠੇ ਕੰਮ ਕਰਨਾ ਸ਼ੁਰੂ ਕਰਨਾ ਚਾਹੀਦਾ

ਹੈ।ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਐਸੋਸੀਏਟ ਪ੍ਰੋਫੈਸਰ ਡਾ: ਸੁਚੇਤ ਕੁਮਾਰ ਨੇ ਲੈਕਚਰ ਦੇ ਆਯੋਜਨ ਦੀ ਜ਼ਿੰਮੇਵਾਰੀ ਨਿਭਾਈ। ਇਸ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਲੈਕਚਰ ਦੇ ਆਯੋਜਨ ਲਈ ਯੂਨੀਵਰਸਿਟੀ ਸਕੂਲ ਆਫ਼ ਲਾਅ ਦੀ ਫੈਕਲਟੀ ਦੀ ਸ਼ਲਾਘਾ ਕੀਤੀ।

ਏਂਜਲਜ਼ ਪੈਰਾਡਾਈਜ਼ ਸਕੂਲ ਦਾ ਸਾਲਾਨਾ ਸਮਾਗਮ ਸ਼ਾਨੋ-ਸ਼ੌਕਤ ਨਾਲ ਸੰਪੰਨ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਏਂਜਲਜ਼ ਪੈਰਾਡਾਈਜ਼ ਸਾਲਾਨਾ ਸਮਾਗਮ ਹੋਇਆ ਜਿਸਦੀ ਅਗਵਾਈ ਪ੍ਰਦੀਪ ਕੁਮਾਰ ਬੰਟਾ ਨੇ ਕੀਤੀ। ਸਮਾਜ ਸੇਵਿਕਾ ਸ਼ਿਖਾ ਸਰੀਨ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਲਗਵਾਈ। ਸਕੂਲ ਦੇ ਐੱਮਡੀ ਮੁਸਕਾਨ ਕਪੂਰ, ਵਿਕਰਾਂਤ ਕਪੂਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ

ਕੀਤੀ। ਰੰਗਾਰੰਗ

ਨਵਾਂ ਜ਼ਮਾਨਾ
ਵੀਰਵਾਰ, 28 ਮਾਰਚ 2024

ਸੋਚਣ ਦੀ ਘੜੀ

ਦੇਸ਼ ਦੇ ਇਤਿਹਾਸ ਦਾ ਸਭ ਤੋਂ ਵੱਡਾ ਚੋਣ ਚੰਦਾ ਘੁਟਾਲਾ ਬੇਨਕਾਬ ਹੋ ਚੁੱਕਾ ਹੈ। ਈ ਡੀ ਤੇ ਸੀ ਬੀ ਆਈ ਦੇ ਡੰਡੇ ਨਾਲ ਉਗਰਾਹੇ ਕਰੋੜਾਂ ਰੁਪਿਆਂ ਨੂੰ ਚੰਦਾ ਨਹੀਂ ਜਬਰੀ ਵਸੂਲੀ ਕਹਿਣਾ ਠੀਕ ਰਹੇਗਾ। ਇਸ ਜਬਰੀ ਚੰਦਾ ਵਸੂਲੀ ਦਾ ਇੱਕ ਹੋਰ ਸੱਚ ਵੀ ਹੈ ਕਿ ਉਹ ਕਿਹੜੀਆਂ ਕੰਪਨੀਆਂ ਸਨ, ਜਿਨ੍ਹਾਂ ਨੇ ਵਿੱਤੋਂ ਬਾਹਰੀ ਮਦਦ ਕਰਕੇ ਭਾਜਪਾ ਨੂੰ ਮੁੜ ਸੱਤਾ ਹਾਸਲ ਕਰਨ ਵਿੱਚ ਮਦਦ ਕੀਤੀ ਸੀ।

ਇਹ ਸੱਚ ਅਧੂਰਾ ਹੈ ਕਿ ਇਨ੍ਹਾਂ ਕੰਪਨੀਆਂ ਤੋਂ ਡੰਡੇ ਦੇ ਜ਼ੋਰ ਜਾਂ ਲਾਲਚ ਦੇ ਕੇ ਚੰਦਾ ਵਸੂਲਿਆ ਗਿਆ। ਪੂਰਾ ਸੱਚ ਇਹ ਹੈ ਕਿ ਇਨ੍ਹਾਂ ਕੰਪਨੀਆਂ ਦੀ ਲੋੜ ਹੈ ਕਿ ਭਾਜਪਾ ਸੱਤਾ ਵਿੱਚ ਬਣੀ ਰਹੇ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਨਿਰਪੱਖ ਚੋਣਾਂ ਰਾਹੀਂ ਭਾਜਪਾ ਦੀ ਸੱਤਾ ਖੁਸ ਜਾਂਦੀ ਹੈ ਤਾਂ ਉਨ੍ਹਾਂ ਦਾ ਸਾਮਰਾਜਵਾਦ ਢਹਿ-ਢੇਰੀ ਹੋ ਸਕਦਾ ਹੈ।

ਪ੍ਰਧਾਨ ਮੰਤਰੀ ਜਦੋਂ ਇਹ ਕਹਿੰਦੇ ਹਨ ਕਿ ਉਨ੍ਹਾ ਦਾ ਮੁੱਖ ਮਕਸਦ ਭਾਰਤ ਨੂੰ ਦੁਨੀਆ ਦੀ ਤੀਜੀ ਵੱਡੀ ਤਾਕਤ ਬਣਾਉਣਾ ਹੈ ਤਾਂ ਉਸ ਪਿੱਛੇ ਛੁਪੀ ਹੋਈ ਹਕੀਕਤ ਨੂੰ ਸਮਝਣਾ ਪਵੇਗਾ। ਜਿਸ ਦੇਸ਼ ਦੇ ਅੱਸੀ ਕਰੋੜ ਨਾਗਰਿਕ ਮੁਫ਼ਤ ਦਾ ਅਨਾਜ ਖਾ ਕੇ ਜਿਊਂਦੇ ਰਹਿ ਰਹੇ ਹੋਣ, ਉਹ ਦੇਸ਼ ਨੂੰ ਆਰਥਿਕ ਤਾਕਤ ਨਹੀਂ ਬਣਾ ਸਕਦੇ। ਨਾ ਹੀ ਉਹ ਨੌਜਵਾਨ ਪੀੜ੍ਹੀ, ਜਿਸ ਨੇ ਨੌਕਰੀਆਂ ਦੀ ਭਾਲ ਵਿੱਚ ਆਪਣੀ ਜਵਾਨੀ ਖਰਚ ਕਰ ਦਿੱਤੀ ਹੈ, ਦੇਸ਼ ਨੂੰ ਤਾਕਤਵਰ ਬਣਾ ਸਕਦੀ ਹੈ। ਉਹ ਕਿਸਾਨ ਵੀ ਦੇਸ਼ ਨੂੰ ਸ਼ਕਤੀਸ਼ਾਲੀ ਨਹੀਂ ਬਣਾ ਸਕਦੇ, ਜਿਹੜੇ ਕਰਜ਼ੇ ਦੀ ਮਾਰ ਝਲਦੇ ਹੋਏ ਖੁਦਕੁਸ਼ੀਆਂ ਰਾਹੀਂ ਮੌਤ ਨੂੰ ਗਲੇ ਲਗਾ ਰਹੇ ਹਨ। ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸ ਦੇ ਸਹਾਰੇ ਦੇਸ਼ ਦੀ ਇਕਾਨਮੀ ਨੂੰ 50 ਖਰਬ ਡਾਲਰ ਦੀ ਬਣਾਉਣ ਦੇ ਸੁਫ਼ਨੇ ਵੇਖ ਰਹੇ ਹਨ।

ਇਹ ਉਹੋ ਕਾਰਪੋਰੇਟ ਹਨ, ਜਿਹੜੇ ਭਾਜਪਾ ਨੂੰ ਦਿਲ ਖੋਲ੍ਹ ਕੇ ਚੰਦਾ ਦੇ ਰਹੇ ਹਨ। ਇਨ੍ਹੀਂ ਦਿਨੀਂ ਰਾਹੁਲ ਗਾਂਧੀ ਇਨ੍ਹਾਂ ਕੰਪਨੀਆਂ ਨਾਲ ਹਾਕਮਾਂ ਦੇ ਗਠਜੋੜ ਉੱਤੇ ਹਮਲੇ ਕਰ ਰਹੇ ਹਨ। ਉਹ ਜਿੰਨੇ ਹਮਲੇ ਕਾਰਪੋਰੇਟਾਂ ਉੱਤੇ ਵੱਧ ਕਰਨਗੇ, ਧੰਨਾ ਸੇਠਾਂ ਦੇ ਰੁਪਏ ਓਨੇ ਵੱਧ ਸੱਤਾਧਾਰੀਆਂ ਨੂੰ ਮਿਲਦੇ ਰਹਿਣਗੇ। ਭਾਜਪਾ ਉਮੀਦਵਾਰਾਂ ਨੂੰ ਜਿਤਾਉਣ ਦਾ ਠੇਕਾ ਵੀ ਕਾਰਪੋਰੇਟਾਂ ਨੇ ਚੁੱਕ ਲੈਣਾ ਹੈ। ਇਸ ਨਾਲ ਭਾਜਪਾ ਦਾ ਕੰਮ ਸੌਖਾ ਹੋ ਜਾਵੇਗਾ।

'ਭਾਰਤ ਜੋੜੋ ਨਿਆਏ ਯਾਤਰਾ' ਦੀ ਸਮਾਪਤੀ ਉਤੇ ਮੁੰਬਈ ਵਿੱਚ ਹੋਈ ਲੱਖਾਂ ਲੋਕਾਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਤਾਂ ਇੱਕ ਮਖੌਟਾ ਹੈ, ਅਸਲ ਸ਼ਕਤੀ ਤਾਂ ਪੂੰਜੀਪਤੀਆਂ ਦੀ ਹੈ। ਇਸੇ ਸ਼ਕਤੀ ਦੇ ਖ਼ਿਲਾਫ਼ ਸਾਡੀ ਲੜਾਈ ਹੈ। ਪ੍ਰਧਾਨ ਮੰਤਰੀ ਨੂੰ ਇਸ ਗੱਲ ਦਾ ਏਨਾ ਗੁੱਸਾ ਆਇਆ ਕਿ ਉਸ ਨੇ ਸ਼ਕਤੀ ਸ਼ਬਦ ਨੂੰ ਨਾਰੀ ਸ਼ਕਤੀ ਨਾਲ ਜੋੜ ਕੇ ਸਨਾਤਨ ਧਰਮ ਉੱਤੇ ਹਮਲਾ ਕਰਾਰ ਦੇ ਦਿੱਤਾ।

ਜਿਸ ਸ਼ਕਤੀ ਦਾ ਜ਼ਿਕਰ ਰਾਹੁਲ ਗਾਂਧੀ ਨੇ ਕੀਤਾ ਸੀ, ਉਸ ਬਾਰੇ ਇੱਕ ਕੌਮਾਂਤਰੀ ਸੰਸਥਾ ਵਰਲਡ ਇਕੁਇਲਟੀ ਲੈਬ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤ ਦੇ ਇੱਕ .ਫ਼ੀਸਦੀ ਅਮੀਰ ਲੋਕਾਂ ਦੀ ਆਮਦਨ ਵਿੱਚ ਹਿੱਸੇਦਾਰੀ ਵਧ ਕੇ 22.6 .ਫ਼ੀਸਦੀ ਤੇ ਜਾਇਦਾਦ ਵਿੱਚ ਹਿੱਸੇਦਾਰੀ ਵਧ ਕੇ 40.1 .ਫ਼ੀਸਦੀ ਹੋ ਗਈ ਹੈ। ਇਸ ਨੇ ਪਿਛਲੇ ਸੌ ਸਾਲ ਦਾ ਰਿਕਾਰਡ ਤੋੜ ਦਿੱਤਾ ਹੈ।

ਇਸ ਸਮੇਂ ਮੌਜੂਦਾ ਸਰਕਾਰ ਲੋਕਾਂ ਵਿੱਚ ਆਪਣਾ ਪ੍ਰਭਾਵ ਗੁਆ ਚੁੱਕੀ ਹੈ, ਪਰ ਇਸ ਦੇ ਬਾਵਜੂਦ ਭਾਜਪਾ ਨੂੰ ਸਿਰਫ਼ ਜਿੱਤ ਜਾਣ ਦਾ ਹੀ ਨਹੀਂ, ਪਹਿਲਾਂ ਨਾਲੋਂ ਵੀ ਵੱਡੀ ਜਿੱਤ ਦਾ ਭਰੋਸਾ ਹੈ। ਇਸ ਬਾਰੇ ਅੰਗਰੇਜ਼ੀ ਪੱਤ੍ਰਿਕਾ 'ਦੀ ਫਰੰਟਲਾਈਨ' ਵਿੱਚ ਇੱਕ ਅਮਰੀਕੀ ਖੋਜ ਸੰਸਥਾ ਦੀ ਰਿਪੋਰਟ ਛਪੀ ਹੈ। ਉਸ ਵਿੱਚ ਕਿਹਾ ਗਿਆ ਹੈ ਕਿ ਮੋਦੀ ਨੇ ਹੁਣ ਤੋਂ ਹੀ 2029 ਤੇ 2034 ਦੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਰੂਸ ਵਿੱਚ ਪੁਤਿਨ ਦੀ ਧਮਾਕੇਦਾਰ ਵਾਪਸੀ ਤੋਂ ਬਾਅਦ ਇਸ ਸਮੇਂ ਦੁਨੀਆ ਦੀਆਂ ਨਜ਼ਰਾਂ ਭਾਰਤ ਤੇ ਅਮਰੀਕਾ ਦੀਆਂ ਚੋਣਾਂ ਉੱਤੇ ਲੱਗੀਆਂ ਹੋਈਆਂ ਹਨ। ਅਮਰੀਕਾ ਦੇ ਨਾਗਰਿਕਾਂ ਦੀ ਵੱਡੀ ਅਬਾਦੀ ਤੇ ਯੂਰਪ ਦੇ ਕਈ ਦੇਸ਼ ਟਰੰਪ ਦੀ ਮੁੜ ਵਾਪਸੀ ਤੋਂ ਚਿੰਤਤ ਹਨ। ਟਰੰਪ ਨੇ ਤਾਂ ਚੋਣ ਮੁਹਿੰਮ ਦੌਰਾਨ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜੇਕਰ ਉਹ ਹਾਰ ਗਏ ਤਾਂ ਅਮਰੀਕਾ ਵਿੱਚ ਖ਼ੂਨਖ਼ਰਾਬਾ ਹੋ ਜਾਵੇਗਾ। ਟਰੰਪ ਤੇ ਮੋਦੀ ਦੀ ਦੋਸਤੀ ਕਿਸੇ ਤੋਂ ਛੁਪੀ ਹੋਈ ਨਹੀਂ। ਜੇਕਰ ਅਮਰੀਕੀ ਨਾਗਰਿਕ ਟਰੰਪ ਦੀ ਵਾਪਸੀ ਦੇ ਸ਼ੱਕ ਤੋਂ ਡਰੇ ਹੋਏ ਹਨ, ਤਾਂ ਭਾਰਤੀਆਂ ਲਈ ਵੀ ਸੋਚਣ ਦੀ ਘੜੀ ਹੈ ਕਿ ਉਨ੍ਹਾਂ ਨੂੰ ਸ਼ਾਂਤੀ ਚਾਹੀਦੀ ਹੈ ਜਾਂ ਦੰਗੇ-ਫਸਾਦ।

ਮੁੱਦਿਆਂ ਰਹਿਤ ਰਹੇਗੀ ਲੋਕ ਸਭਾ ਚੋਣ

ਗੁਰਮੀਤ ਸਿੰਘ ਪਲਾਹੀ

ਦੇਸ਼ ਵਿੱਚ ਵਿਰੋਧੀਆਂ ਨੂੰ ਨੁਕਰੇ ਲਾ ਕੇ ਲੋਕ ਸਭਾ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰਨ ਦੇ ਮੌਜੂਦਾ ਹਾਕਮ ਧਿਰ ਦੇ ਯਤਨ ਲਗਾਤਾਰ ਜਾਰੀ ਹਨ।ਕਾਂਗਰਸ ਮੁਕਤ ਭਾਰਤ ਦੇ ਵਿਚਾਰਾਂ ਤੋਂ ਅੱਗੇ ਤੁਰਦਿਆਂ, ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੇਸ਼ ਨੂੰ ਆਪੋਜ਼ੀਸ਼ਨ ਮੁਕਤ ਭਾਰਤ ਬਣਾਉਣ ਦੀ ਮੁਹਿੰਮ ਆਰੰਭੀ ਹੋਈ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਿਛਲੇ ਦਿਨੀਂ ਜੇਲ੍ਹ ਭੇਜ ਦਿੱਤੇ ਗਏ ਹਨ। ਉਹਨਾ ਨੂੰ ਕੇਂਦਰੀ ਏਜੰਸੀ ਈ ਡੀ (ਇਨਫੋਰਸਮੈਂਟ ਡਿਪਾਰਟਮੈਂਟ) ਵਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੁਰੇਨ ਪਹਿਲਾਂ ਹੀ ਜੇਲ੍ਹ ਵਿੱਚ ਹਨ। ਭਾਰਤੀ ਚੋਣ ਕਮਿਸ਼ਨ ਵੱਲੋਂ ਕੀ ਲੋਕ ਸਭਾ ਚੋਣ ਤਾਰੀਖਾਂ ਮਿੱਥਣ ਉਪਰੰਤ ਨੇਤਾਵਾਂ ਨੂੰ ਜੇਲ੍ਹੀਂ ਡੱਕਣਾ ਜਾਇਜ਼ ਹੈ। ਇਹ ਸਵਾਲ ਲਗਾਤਾਰ ਉੱਠ ਰਹੇ ਹਨ।

ਈ ਡੀ ਵੱਲੋਂ ਇੱਕ ਬਿਆਨ ਜਾਰੀ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਦਿੱਲੀ ਸ਼ਰਾਬ ਘੁਟਾਲੇ ਦਾ ਮੁੱਖ ਦੋਸ਼ੀ ਅਰਵਿੰਦ ਕੇਜਰੀਵਾਲ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਵੀ ਕਿਹਾ ਸੀ ਕਿ ਇਸ ਸ਼ਰਾਬ ਘੁਟਾਲੇ ਵਿੱਚ 300 ਕਰੋੜ ਤੋਂ ਵੱਧ ਦਾ ਲੈਣ-ਦੇਣ ਹੋਇਆ ਹੈ।

ਆਮ ਆਦਮੀ ਪਾਰਟੀ, ਕਾਂਗਰਸ, ਆਰ ਜੇ ਡੀ ਅਤੇ ਕਈ ਹੋਰ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਕੇਂਦਰੀ ਏਜੰਸੀਆਂ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕਾਰਵਾਈਆਂ ਕਰ ਰਹੀਆਂ ਹਨ ਜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਦੀਆਂ ਹਨ, ਪਰ ਸੱਤਾਧਾਰੀ ਭਾਜਪਾ ਦੇ ਆਗੂਆਂ ਵਿਰੁੱਧ ਉਹ ਕੋਈ ਅਜਿਹੀ ਕਾਰਵਾਈ ਨਹੀਂ ਕਰਦੀਆਂ।

ਇੱਕ ਅਨੁਮਾਨ ਅਨੁਸਾਰ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ ਰੋਕਣ ਸਬੰਧੀ ਕੇਂਦਰੀ ਏਜੰਸੀਆਂ ਵਲੋਂ ਦਰਜ ਕੀਤੇ ਕੁੱਲ ਕੇਸਾਂ ਵਿਚੋਂ 95 ਫੀਸਦੀ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਹੀ ਹਨ। ਇੰਜ ਭਾਜਪਾ ਵੱਲੋਂ ਵਿਰੋਧੀ ਪਾਰਟੀਆਂ ਨੂੰ ਭ੍ਰਿਸ਼ਟਾਚਾਰੀ, ਨਿਕੰਮੀਆਂ ਅਤੇ ਵਿਕਾਸ ਦੀਆਂ ਦੋਖੀ ਗਰਦਾਨ ਕੇ ਲੋਕ ਕਟਿਹਰੇ ਚ ਉਹਨਾ ਦੀ ਦਿੱਖ ਖਰਾਬ ਕਰਨ ਲਈ ਪੂਰਾ ਟਿੱਲ ਲਾਇਆ ਜਾ ਰਿਹਾ ਹੈ।

ਦੂਜੇ ਪਾਸੇ ਦੇਸ਼ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਚੋਣ ਬਾਂਡ ਮਾਮਲੇ ਸੰਬੰਧੀ ਵੱਡੇ ਸਵਾਲ ਖੜੇ ਕੀਤੇ ਹਨ, ਕਿਉਂਕਿ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਚੋਣ ਬਾਂਡ ਸਬੰਧੀ ਭਾਜਪਾ ਨਿਸ਼ਾਨੇ 'ਤੇ ਰਹੀ। ਕਾਂਗਰਸ ਨੇ ਦੋਸ਼ ਲਾਇਆ ਕਿ ਚੋਣ ਬਾਂਡ 'ਚ ਘੁਟਾਲਾ ਹੋਇਆ ਹੈ ਅਤੇ ਇਹ ਚਾਰ ਤਰੀਕਿਆਂ ਨਾਲ ਕੀਤਾ ਗਿਆ ਹੈ। ਕਾਂਗਰਸ ਨੇਤਾਵਾਂ ਮੁਤਾਬਕ ਪਹਿਲਾ ਤਰੀਕਾ ਚੰਦਾ ਦਿਓ, ਧੰਦਾ ਲਓ ਸੀ, ਭਾਵ ਇਹ ਪ੍ਰੀਪੇਡ ਰਿਸ਼ਵਤ ਸੀ। ਦੂਜਾ ਤਰੀਕਾ ਠੇਕਾ ਲਓ, ਰਿਸ਼ਵਤ ਦਿਓ ਸੀ। ਇਹ ਪੋਸਟਪੇਡ ਰਿਸ਼ਵਤ ਸੀ।ਤੀਜਾ ਤਰੀਕਾ ਹਫ਼ਤਾ ਵਸੂਲੀ ਦਾ ਸੀ, ਯਾਨਿ ਛਾਪੇ ਮਾਰਨ ਤੋਂ ਬਾਅਦ ਰਿਸ਼ਵਤ। ਚੌਥਾ ਤਰੀਕਾ ਫਰਜ਼ੀ ਕੰਪਨੀਆਂ ਦਾ ਸੀ। ਕਾਂਗਰਸੀ ਦਾਅਵਾ ਕਰਦੇ ਹਨ ਕਿ 30 ਅਜਿਹੇ ਕਾਰਪੋਰੇਟ ਗਰੁੱਪਾਂ ਨੇ ਚੋਣ ਬਾਂਡ ਰਾਹੀਂ ਚੰਦਾ ਦਿੱਤਾ ਹੈ, ਜਿਨ੍ਹਾਂ ਨੂੰ ਕੇਂਦਰ ਜਾਂ ਭਾਜਪਾ ਦੀਆਂ ਸੂਬਾ ਸਰਕਾਰਾਂ ਤੋਂ 179 ਮੁੱਖ ਪ੍ਰਾਜੈਕਟ ਮਿਲੇ ਹਨ। ਕਾਂਗਰਸ ਦਾ ਦੋਸ਼ ਹੈ ਕਿ ਹਾਕਮ ਧਿਰ ਭ੍ਰਿਸ਼ਟਾਚਾਰ ਨੂੰ ਕਾਨੂੰਨੀ ਬਣਾ ਰਹੀ ਹੈ ਤੇ ਇਸ ਨੂੰ ਲੁਕਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ।

ਆਮ ਤੌਰ 'ਤੇ ਚੋਣ ਸਮੇਂ ਦੌਰਾਨ ਸਿਆਸੀ ਪਾਰਟੀਆਂ ਆਪਣੇ ਮੈਨੀਫੈਸਟੋ ਜਾਰੀ ਕਰਦੀਆਂ ਹਨ। ਹਾਕਮ ਧਿਰ ਆਪਣੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀਆਂ ਹਨ ਅਤੇ ਤਵੱਕੋ ਰੱਖਦੀਆਂ ਹਨ ਕਿ ਲੋਕ ਉਨ੍ਹਾਂ ਨੂੰ ਵੋਟ ਪਾਉਣ। ਆਪੋਜ਼ੀਸ਼ਨ, ਹਾਕਮ ਧਿਰ ਦੀ ਅਲੋਚਨਾ ਕਰਦੀ ਹੈ, ਉਸ ਵੱਲੋਂ ਕੀਤੇ ਗਲਤ ਕੰਮਾਂ ਦੀ ਵਿਆਖਿਆ ਕਰਦੀ ਹੈ। ਲੋਕ ਮੁੱਦੇ ਉਠਾਉਂਦੀ ਹੈ ਅਤੇ ਵੋਟਾਂ ਦੀ ਮੰਗ ਕਰਦੀ ਹੈ।

ਪਰ ਅੱਜ ਸਥਿਤੀ ਕੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਦੇ ਨਾਂਅ ਉਤੇ ਵੋਟਾਂ ਮੰਗਣ ਤੋਂ ਪਹਿਲਾਂ ਧਰਮ ਅਧਾਰਤ ਰਾਜਨੀਤੀ ਦਾ ਪੱਤਾ ਸੁੱਟ ਚੁੱਕੀ ਹੈ। ਉਸ ਵੱਲੋਂ ਆਯੋਧਿਆ ਮੰਦਰ ਦੇ ਨਿਰਮਾਣ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ। ਧਾਰਾ 370 ਦੇ ਖ਼ਾਤਮੇ, ਸੀ ਏ ਏ (ਨਾਗਰਿਕ ਕਾਨੂੰਨ) ਨੂੰ ਲਾਗੂ ਕਰਨ ਨੂੰ ਲੋਕ ਹਿੱਤ 'ਚ ਕਿਹਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਵੱਲੋਂ ਵੋਟਾਂ ਲਈ ਗਰੰਟੀਆਂ ਦੇਣ ਦਾ ਕਾਰੋਬਾਰ ਹਰ ਪੱਧਰ ਉਤੇ ਭਾਵ ਪਾਰਟੀ ਪੱਧਰ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਅਤੇ ਇਸ਼ਤਿਹਾਰਾਂ ਰਾਹੀਂ ਧੂੰਆਧਾਰ ਢੰਗ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿਹਾ ਇਹ ਵੀ ਜਾ ਰਿਹਾ ਹੈ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ। ਕਿ ਭਾਰਤ ਵਿਸ਼ਵ ਗੁਰੂ ਬਣ ਰਿਹਾ ਹੈ, ਪਰ ਗਰੀਬੀ, ਬੇਰੁਜ਼ਗਾਰੀ, ਅਸਮਾਨਤਾ, ਸਬੰਧੀ ਭਾਜਪਾ ਦੀ ਚੁੱਪੀ ਰੜਕਦੀ ਹੈ। ਕੀ ਦੇਸ਼ ਵਿੱਚ ਵਿਕਾਸ ਤੇ ਪਰਿਵਰਤਨ ਦਿਖਦਾ ਹੈ। ਰਤਾ ਪੇਂਡੂ ਭਾਰਤ ਦੀ ਇੱਕ ਝਾਤੀ ਤਾਂ ਮਾਰੋ। ਹਾਂ, ਸੜਕਾਂ ਬਣੀਆਂ ਹਨ, ਇੰਟਰਨੈੱਟ ਨੇ ਧੁੰਮ ਮਚਾ ਰੱਖੀ ਹੈ, ਪਰ ਗਰੀਬੀ ਰੇਖਾ ਤੋਂ ਥੱਲੇ ਵਾਲੇ ਲੋਕ ਦੋ ਅਮਰੀਕੀ ਡਾਲਰ (160 ਰੁਪਏ) ਨਾਲ ਹੀ ਜੀਵਨ ਬਸਰ ਕਰਦੇ ਹਨ।

ਇੱਕ ਕੌਮਾਂਤਰੀ ਅਧਿਐਨ ਅਨੁਸਾਰ ਭਾਰਤ ਦੇ ਇੱਕ ਫੀਸਦੀ ਧਨਾਢਾਂ ਕੋਲ 40 ਫ਼ੀਸਦੀ ਦੌਲਤ ਹੈ। ਅਰਬਪਤੀ ਵਿਅਕਤੀਆਂ ਦੀ ਗਿਣਤੀ ਚ ਵਾਧਾ ਹੋਇਆ ਹੈ। ਸਾਲ 1991 'ਸਚ ਅਰਬਪਤੀਆਂ ਦੀ ਗਿਣਤੀ ਸਿਰਫ਼ ਇੱਕ ਸੀ, ਜੋ 2022 'ਚ ਵਧ ਕੇ 162 ਹੋ ਗਈ। ਭਾਰਤ ਦੇ 10,000 ਸਭ ਤੋਂ ਅਮੀਰ ਵਿਅਕਤੀਆਂ ਕੋਲ ਔਸਤਨ 2260 ਕਰੋੜ ਰੁਪਏ ਦੀ ਧਨ ਸੰਪਤੀ ਹੈ, ਜੋ ਦੇਸ਼ ਦੀ ਔਸਤ ਪ੍ਰਤੀ ਜੀਅ ਦੀ ਸੰਪਤੀ ਦਾ 16,763 ਗੁਣਾ ਹੈ। ਐਡੀ ਅਸਮਾਨਤਾ ਦਾ ਦੌਰ ਭਾਜਪਾ ਰਾਜ 'ਚ ਸਭ ਤੋਂ ਵੱਧ ਹੈ।

ਕਾਂਗਰਸ ਇਸ ਸੰਬੰਧੀ ਕਿੰਤੂ-ਪਰੰਤੂ ਕਰਦਿਆਂ ਇਹ ਤਾਂ ਆਖਦੀ ਹੈ ਕਿ ਅੱਜ ਦਾ ਰਾਜ, ਅਰਬਪਤੀ ਰਾਜ ਹੈ ਅਤੇ ਬਰਤਾਨੀਆ ਰਾਜ ਨਾਲੋਂ ਵਧੇਰੇ ਨਾਬਰਾਬਰੀ ਵਾਲਾ ਹੈ, ਪਰ ਗਰੀਬੀ, ਅਸਮਾਨਤਾ, ਬੇਰੁਜ਼ਗਾਰੀ ਰੋਕਣ ਲਈ ਵਿਰੋਧੀ ਧਿਰ ਵਜੋਂ ਉਸ ਨੇ ਲੋਕ ਸਭਾ ਜਾਂ ਸੂਬਿਆਂ ਦੀ ਵਿਰੋਧੀ ਧਿਰ 'ਚ ਬੈਠ ਕੇ ਕੀ ਰੋਲ ਅਦਾ ਕੀਤਾ? ਕੀ ਉਸ ਵੱਲੋਂ ਦੇਸ਼ 'ਚ ਲੋਕਾਂ ਦੇ ਮਸਲਿਆਂ ਸਬੰਧੀ ਲੋਕ ਲਹਿਰ ਚਲਾਈ? ਲੋਕਾਂ ਨੂੰ ਉਨ੍ਹਾਂ ਨਾਲ ਹੁੰਦੀ ਬੇਇਨਸਾਫੀ ਪ੍ਰਤੀ ਜਾਗਰੂਕ ਕੀਤਾ? ਹਜ਼ਾਰਾਂ ਬੁੱਧੀਜੀਵੀ ਜੇਲ੍ਹਾਂ ਅੰਦਰ ਡੱਕ ਦਿੱਤੇ ਗਏ। ਦੇਸ਼ 'ਚ ਬਲਡੋਜ਼ਰ ਦੀ ਨੀਤੀ ਅਪਨਾਈ ਗਈ। ਕਾਂਗਰਸ ਨੇ ਵਿਰੋਧ 'ਚ ਦੇਸ਼-ਵਿਆਪੀ ਕੋਈ ਅੰਦੋਲਨ ਛੇੜਿਆ? ਸਿਰਫ ਲੋਕ ਸਭਾ 'ਚ ਕੁਝ ਮੁੱਦੇ ਚੁੱਕ ਕੇ ਅਤੇ ਬਾਈਕਾਟ ਕਰਕੇ ਹੀ ਉਹ ਆਪਣਾ ਵਿਰੋਧੀ ਧਿਰ ਦਾ ਰੋਲ ਅਦਾ ਕੀਤੇ ਜਾਣ ਨੂੰ ਹੀ ਪੂਰਿਆਂ ਹੋ ਗਿਆ ਸਮਝਦੀ ਹੈ।

ਕੀ ਦੇਸ਼ ਵਿਚੋਂ ਆਰਥਿਕਤਾ ਦਾ ਮੁੱਦਾ ਮੁੱਕ ਗਿਆ ਹੈ? ਕੀ ਸਿਹਤ ਤੇ ਸਿੱਖਿਆ ਨਾਲ ਸਬੰਧਤ ਮੁੱਦੇ ਖ਼ਤਮ ਹੋ ਗਏ ਹਨ। ਦੇਸ਼ 'ਚ ਅੱਛੀ ਸਿੱਖਿਆ ਨਹੀਂ। ਆਧੁਨਿਕ ਸਿਹਤ ਸਹੂਲਤਾਂ ਨਹੀਂ। ਕੋਰੋਨਾ ਕਾਲ 'ਚ ਲੋਕਾਂ ਦੀ ਹੋਈ ਦੁਰਦਸ਼ਾ ਹਾਲੇ ਵੀ ਲੋਕ ਚੇਤਿਆਂ 'ਚ ਹੈ। ਲੋਕਾਂ ਨੂੰ ਰੁਜ਼ਗਾਰ ਲਈ ਆਪਣੇ ਘਰ ਛੱਡ ਕੇ ਦੂਰ ਸ਼ਹਿਰਾਂ 'ਚ ਜਾਣਾ ਪੈਂਦਾ ਹੈ, ਕੀ ਇਹ ਆਪੋਜ਼ੀਸ਼ਨ ਕੋਲ ਵੱਡਾ ਮੁੱਦਾ ਨਹੀਂ? ਕੀ ਕੁਦਰਤੀ ਸੋਮਿਆਂ ਦੀ ਲੁੱਟ ਅਤੇ ਵਾਤਾਵਰਨ ਨਾਲ ਸਬੰਧਤ ਮੁੱਦੇ ਉਠਾਉਣਾ ਹੁਣ ਤਰਕਸੰਗਤ ਨਹੀਂ ਰਿਹਾ? ਕੀ ਨਸ਼ਿਆਂ, ਗੈਂਗਸਟਰਾਂ, ਮਾਫੀਏ ਦੀ ਗੱਲ ਕਰਨੀ ਸਿਆਸਤਦਾਨ ਭੁੱਲੀ ਬੈਠੇ ਹਨ? ਉਂਜ ਭੁੱਲਣ ਵੀ ਕਿਉਂ ਨਾ, ਵੱਡੀ ਗਿਣਤੀ 'ਚ ਮਾਫੀਏ, ਨਸ਼ਿਆਂ ਦੇ ਵਪਾਰੀਆਂ ਦੇ ਭਾਈਵਾਲ ਤਾਂ ਵਿਧਾਨ ਸਭਾਵਾਂ, ਲੋਕ ਸਭਾ ਵਿੱਚ ਮੈਂਬਰ ਬਣ ਕੇ ਦੇਸ਼ ਸੇਵਕ ਦਾ ਦਰਜਾ ਹਾਸਲ ਕਰੀ ਬੈਠੇ ਹਨ। ਇਹ ਕੋਰੋਨਾ ਲਗਭਗ ਸਭ ਪਾਰਟੀਆਂ 'ਚ ਫੈਲ ਚੁੱਕਾ ਹੈ

28-MAR-PAGE-5.qxd 3/27/2024 10:31 PM Page 1

ਪੇਕੇ ਘਰ ਰਹਿੰਦੀ ਪਤਨੀ ਦੀ ਕੀਤੀ ਕੁੱਟਮਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ):ਨਸ਼ੇ ਦਾ ਆਦੀ ਪਤੀ ਅਕਸਰ ਘਰੇਲੂ ਝਗੜਿਆਂ ਨੂੰ ਲੈ ਕੇ ਪਤਨੀ ਦੀ ਕੁੱਟਮਾਰ ਕਰਦਾ ਸੀ, ਜਿਸ ਤੋਂ ਪ੍ਰੇਸ਼ਾਨ ਹੋ ਕੇ ਪਤਨੀ ਨੇ ਪੰਚਾਇਤੀ ਤੌਰ 'ਤੇ ਪਤੀ ਕੋਲੋਂ ਤਲਾਕ ਕੇ ਆਪਣੀ ਮਾਂ ਦੇ ਘਰ ਰਹਿਣ ਲੱਗ ਪਈ। ਪਰ ਪਤੀ ਨੇ ਉਸ ਨੂੰ ਨਾ ਛੱਡਿਆ ਅਤੇ ਪਤਨੀ ਨਾਲ ਉਸ ਦੀ ਮਾਂ ਦੇ ਘਰ ਜਾ ਕੇ ਪਤਨੀ ਦੀ ਦੁਬਾਰਾ ਕੁੱਟਮਾਰ ਕਰਕੇ ਤੇਜ਼ਧਾਰ ਹਥਿਆਰਾਂ ਨਾਲ ਉਸ ਨੂੰ ਜ਼ਖ਼ਮੀ ਕਰ ਦਿੱਤਾ, ਜਿਸ ਨੂੰ ਇਲਾਜ ਲਈ ਫ਼ਿਰੋਜ਼ਪੁਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ। ਸਿਟੀ ਪੁਲਸ ਨੇ ਮ੍ਰਿਤਕਾ ਦੇ ਬਿਆਨਾਂ ਦੇ ਆਧਾਰ 'ਤੇ ਪਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਪੀੜਤ ਬਬੀਤਾ ਪਤਨੀ ਬਿੱਲਾ ਵਾਸੀ ਜਨਤਾ ਪ੍ਰੀਤ ਨਗਰ ਫ਼ਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ ਉਸ ਦਾ ਪਤੀ ਨਸ਼ੇ ਦਾ ਆਦੀ ਹੈ।ਇਸ ਕਾਰਨ ਉਹ ਅਕਸਰ ਉਸ ਨਾਲ ਲੜਦਾ ਰਹਿੰਦਾ ਸੀ।ਇਸ ਤੋਂ ਪ੍ਰੇਸ਼ਾਨ ਹੋ ਕੇ ਉਸ ਨੇ 5-6 ਮਹੀਨੇ ਪਹਿਲਾਂ ਆਪਣੇ ਪਤੀ ਤੋਂ ਪੰਚਾਇਤੀ ਤੌਰ 'ਤੇ ਤਲਾਕ ਲੈ ਲਿਆ ਸੀ।ਹੁਣ ਉਹ ਆਪਣੀ ਧੀ ਨਾਲ ਗੁਰੂ ਰਾਮਦਾਸ ਨਗਰ ਫ਼ਿਰੋਜ਼ਪੁਰ ਸ਼ਹਿਰ ਤੋਂ ਆਪਣੀ ਮਾਂ ਦੇ ਘਰ ਰਹਿ ਰਹੀਆਂ ਹਨ ਤੇ ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਆਪਣਾ ਗੁਜ਼ਾਰਾ ਚਲਾ ਰਹੀ ਹੈ।ਬਬੀਤਾ ਨੇ ਦੱਸਿਆ ਕਿ 24 ਮਾਰਚ ਨੂੰ ਉਸ ਦਾ ਪਤੀ ਉਸ ਦੀ ਮਾਂ ਦੇ ਘਰ ਆਇਆ ਅਤੇ ਉਸ ਨਾਲ ਬਦਸਲੂਕੀ ਕਰਨੀ ਸ਼ੁਰੂ ਕਰ ਦਿੱਤੀ ਤੇ ਹੱਥ ਵਿਚ ਫੜੇ ਚਾਕੂ ਨਾਲ ਉਸ ਨੂੰ ਜ਼ਖਮੀ ਕਰ ਦਿੱਤਾ।ਘਟਨਾ ਦੀ ਸੂਚਨਾ ਮਿਲਣ 'ਤੇ ਹਸਪਤਾਲ 'ਚੋਂ ਪੀੜਤਾ ਦੇ ਬਿਆਨ ਲੈਣ ਉਪਰੰਤ ਜਾਂਚ ਅਧਿਕਾਰੀ ਏਐੱਸਆਈ ਗੁਰਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਪੀੜਤਾ ਦੇ ਬਿਆਨਾਂ 'ਤੇ ਉਸ ਦੇ ਪਤੀ ਖਿਲਾਫ 452, 323, 506 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰ ਲਿਆ ਹੈ।

ਡੀ ਸੀ ਦੇ ਘਰ ਈ ਡੀ ਦਾ ਛਾਪਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਇਨਫੋਰਸਮੈਂਟ ਡਾਇਰੈਕਟੋਰੇਟ ਦੀ ਟੀਮ ਵੱਲੋਂ ਪੰਜਾਬ-ਚੰਡੀਗੜ੍ਹ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ। ਖ਼ਬਰ ਆਈ ਹੈ ਕਿ ਆਈਏਐੱਸ ਅਧਿਕਾਰੀ ਰਾਜੇਸ਼ ਧੀਮਾਨ ਦੇ ਘਰ ਈ.ਡੀ. ਵੱਲੋਂ ਛਾਪੇਮਾਰੀ ਕੀਤੀ ਗਈ ਹੈ, ਜੋ ਇਸ ਸਮੇਂ ਫ਼ਿਰੋਜ਼ਪੁਰ 'ਚ ਡਿਪਟੀ ਕਮਿਸ਼ਨਰ ਦਾ ਅਹੁਦਾ ਸੰਭਾਲ ਰਹੇ ਹਨ। ਇਸ ਸਮੇਂ ਡੀਸੀ ਦੇ ਘਰ ਈ.ਡੀ. ਛਾਪੇਮਾਰੀ ਦਾ ਕਾਰਨ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ, ਪਰ ਜਾਂਚ ਜਾਰੀ ਹੈ।ਦੱਸ ਦੇਈਏ ਕਿ ਪੰਜਾਬ ਦੇ ਦੋ ਵੱਡੇ ਅਧਿਕਾਰੀਆਂ ਦੇ ਘਰਾਂ 'ਤੇ ਵੀ ਈਡੀ ਦੀ ਛਾਪੇਮਾਰੀ ਜਾਰੀ ਹੈ।ਇਸ ਦੌਰਾਨ ਮੁਹਾਲੀ ਦੇ ਪਿੰਡ ਬਾਕਰਪੁਰ ਵਿੱਚ ਵੀ ਈਡੀ ਦੀ ਛਾਪੇਮਾਰੀ 22 ਥਾਵਾਂ 'ਤੇ ਚੱਲ ਰਹੀ ਹੈ।ਜ਼ਿਕਰਯੋਗ ਹੈ ਕਿ ਐਕੁਆਇਰ ਕੀਤੀ ਜ਼ਮੀਨ ਵਿੱਚ ਅਮਰੂਦ ਦੇ ਬਾਗ ਦਿਖਾ ਕੇ ਕਰੋੜਾਂ ਰੁਪਏ ਦੀ ਗਬਨ ਕਰਨ ਦੇ ਦੋਸ਼ ਹੇਠ 18 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ, ਇਸ ਮਾਮਲੇ ਵਿੱਚ ਅੱਜ ਈ.ਡੀ. ਵੱਲੋਂ ਛਾਪੇਮਾਰੀ ਕੀਤੀ ਗਈ ਹੈ।

ਦੂਜੇ ਪਾਸੇ ਈ.ਡੀ. ਸੂਤਰਾਂ ਅਨੁਸਾਰ ਜਾਂਚ ਜਾਰੀ ਹੈ।ਖੁਲਾਸਾ ਹੋਇਆ ਹੈ ਕਿ ਕੁਝ ਹੋਰ ਲੋਕ ਵੀ ਈ.ਡੀ. ਰਾਡਾਰ 'ਤੇ ਹਨ।ਫਿਲਹਾਲ ਇਸ ਪੂਰੇ ਮਾਮਲੇ 'ਤੇ ਕੁਝ ਸਮੇਂ 'ਚ ਵੱਡਾ ਅਪਡੇਟ ਆਵੇਗਾ।

ਚੰਦ ਪੁਰਾਣਾ 'ਚ ਪੂਰਨਮਾਸ਼ੀ ਦੇ ਦਿਹਾੜੇ 25 ਪ੍ਰਾਣੀਆਂ ਲਈ ਅੰਮ੍ਰਿਤ ਦੀ ਦਾਤ

ਬਾਘਾ ਪੁਰਾਣਾ (ਮਨੀ ਸਿੰਗਲਾ) ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ ਵਿਖੇ ਪੂਰਨਮਾਸ਼ੀ ਦਾ ਦਿਹਾੜਾ ਹੋਲੇ ਮਹੱਲੇ ਨੂੰ ਸਮਰਪਤ ਮਨਾਇਆ ਗਿਆ, ਜਿਸ ਦੌਰਾਨ ਸੰਗਤਾਂ ਵੱਡੀ ਗਿਣਤੀ 'ਚ ਨਤਮਸਤਕ ਹੋਈਆਂ।ਇਸ ਮੌਕੇ ਅਖੰਡ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਰੱਬੀ ਬਾਣੀ ਦਾ ਕੀਰਤਨ ਹੋਇਆ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।

ਧਾਰਮਿਕ ਦੀਵਾਨ 'ਚ ਕਮਲਜੀਤ ਸਿੰਘ ਆਲਮਵਾਲਾ, ਭਾਈ ਲਖਬੀਰ ਸਿੰਘ ਜੀ ਮੋਗਾ ਪ੍ਰਚਾਰਕ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਇਕਬਾਲ ਸਿੰਘ ਜੀ ਲੰਗੇਆਣਾ ਨੇ ਕੀਰਤਨ ਦੁਆਰਾ ਸਮੁੱਚੀਆਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਨੇ ਵੀ ਇੱਥੇ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਆਏ ਸਤਿਕਾਰਯੋਗ ਪੰਜ ਪਿਆਰਿਆਂ ਦਾ ਜਿੱਥੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ, ਉਥੇ ਉਨ੍ਹਾਂ ਨੂੰ ਜੀ ਆਇਆਂ ਵੀ ਆਖਿਆ।ਇਸ ਮੌਕੇ 25 ਪ੍ਰਾਣੀਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਇਕੱਤਰ ਸੰਗਤਾਂ ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਪ੍ਰਾਣੀਆਂ ਦੇ ਨਾਲ ਵਿਚਾਰਾਂ ਕਰਦਿਆਂ ਬਾਬਾ ਜੀ ਨੇ ਕਿਹਾ ਕਿ ਸ਼ਹੀਦਾਂ ਦੀ ਇਸ ਪਾਵਨ ਪਵਿੱਤਰ ਧਰਤੀ 'ਤੇ ਜੋ ਵੀ ਸੰਗਤਾਂ ਨਤਮਸਤਕ ਹੁੰਦੀਆਂ ਨੇ, ਉਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ।ਬਾਬਾ ਜੀ ਨੇ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਆਖਿਆ ਕਿ ਅੱਜ ਤੁਸੀਂ ਗੁਰੂ ਵਾਲੇ ਬਣੇ ਹੋ ਤੁਹਾਨੂੰ ਲੱਖ-ਲੱਖ ਵਧਾਈਆਂ, ਕਿਉਂਕਿ ਇਹ ਦਾਤ ਭਾਗਾਂ ਵਾਲੇ ਜੀਵਾਂ ਨੂੰ ਪ੍ਰਾਪਤ ਹੁੰਦੀ ਹੈ, ਜਦੋਂ ਅਕਾਲ ਪੁਰਖ ਆਪ ਮਿਹਰਬਾਨ ਹੁੰਦੇ ਹਨ ਤਾਂ ਜੀਵ ਦੀ ਭਾਵਨਾ ਗੁਰੂ ਦੇ ਲੜ ਲੱਗਣ ਦੀ ਬਣਦੀ ਹੈ, ਅੱਜ ਤੁਸੀਂ ਅੰਮ੍ਰਿਤਪਾਨ ਕਰਕੇ ਆਪਣੇ ਆਪ ਨੂੰ ਵੱਡੇ ਭਾਗਾਂ ਵਾਲਾ ਬਣਾਇਆ।

10 ਸਾਲਾ ਬੱਚੇ ਨੂੰ ਆਵਾਰਾ ਕੁੱਤਿਆਂ ਨੇ ਕੀਤਾ ਜ਼ਖ਼ਮੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) -ਆਵਾਰਾ ਕੁੱਤਿਆਂ ਦੇ ਇੱਕ ਝੁੰਡ ਵੱਲੋਂ ਸਰਹਿੰਦ ਸ਼ਹਿਰ ਦੇ ਦਲੀਚੀ ਮੁਹੱਲੇ ਨੇੜੇ ਇੱਕ 10 ਸਾਲਾ ਬੱਚੇ ਨੂੰ ਜ਼ਖਮੀ ਕੀਤੇ ਜਾਣ ਦਾ ਸਮਾਚਾਰ ਹੈ। ਲੋਕੇਸ਼ (10) ਨਾਮਕ ਬੱਚਾ ਆਪਣੀ ਮਾਤਾ ਦੇ ਕਹਿਣ 'ਤੇ ਦੁਕਾਨ ਤੋਂ ਸਮਾਨ ਲੈਣ ਜਾ ਰਿਹਾ ਸੀ ਤਾਂ ਅਚਾਨਕ ਕੁੱਤਿਆਂ ਦੇ ਇੱਕ ਝੁੰਡ ਨੇ ਉਸ ਉੱਤੇ ਹਮਲਾ ਕਰ ਦਿੱਤਾ।ਬੱਚੇ ਦਾ ਚੀਕ-ਚਿਹਾੜਾ ਸੁਣ ਕੇ ਇਕੱਠੇ ਹੋਏ ਆਲੇ-ਦੁਆਲੇ ਦੇ ਲੋਕਾਂ ਅਤੇ ਰਾਹਗੀਰਾਂ ਨੇ ਬੜੀ ਮੁਸ਼ਕਲ ਨਾਲ ਆਵਾਰਾ ਕੁੱਤਿਆਂ ਦੇ ਝੁੰਡ ਤੋਂ ਬੱਚੇ ਨੂੰ ਛੁਡਵਾਇਆ, ਜਿਸ ਉਪਰੰਤ ਜ਼ਖ਼ਮੀ ਹੋਏ ਲੋਕੇਸ਼ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਫਸਟ ਏਡ ਦੇਣ ਉਪਰੰਤ ਲੋਕੇਸ਼ ਦੀ ਬਾਂਹ 'ਤੇ ਹੋਏ ਜ਼ਖ਼ਮ ਦੀ ਸਰਜਰੀ ਲਈ ਡਾਕਟਰਾਂ ਵੱਲੋਂ ਉਸ ਨੂੰ ਚੰਡੀਗੜ੍ਹ ਦੇ ਹਸਪਤਾਲ 'ਚ ਰੈਫਰ ਕਰ ਦਿੱਤਾ ਗਿਆ।

ਸਮਾਜ ਸੇਵੀ ਦਵਿੰਦਰ ਕੁਮਾਰ ਭੱਟ ਨੇ ਦੱਸਿਆ ਕਿ ਆਵਾਰਾਂ ਕੁੱਤਿਆਂ ਤੇ ਲਵਾਰਿਸ ਪਸ਼ੂਆਂ ਦੀ ਦਹਿਸ਼ਤ ਤੋਂ ਨਿਜ਼ਾਤ ਦਿਵਾਉਣ ਸਬੰਧੀ ਉਨਾਂ ਸਮੇਤ ਕਈ ਸ਼ਹਿਰੀ ਪ੍ਰਸ਼ਾਸ਼ਨ ਨੂੰ ਬੇਨਤੀਆਂ ਕਰ ਚੁੱਕੇ ਹਨ, ਪਰ ਸਮੱਸਿਆ ਜਿਉਂ ਦੀ ਤਿਉਂ ਬਰਕਾਰ ਹੈ।ਉਨ੍ਹਾਂ ਕਿਹਾ ਕਿ ਧਾਰਮਿਕ ਤੇ ਇਤਿਹਾਸਕ ਪੱਖੋਂ ਇੰਨੀ ਮਹੱਤਤਾ ਰੱਖਣ ਵਾਲੇ ਇਸ ਪਵਿੱਤਰ ਸ਼ਹਿਰ ਨੂੰ ਜ਼ਿਲਾ ਬਣਿਆਂ ਕਈ ਦਹਾਕੇ ਬੀਤ ਚੁੱਕੇ ਹਨ, ਪਰ ਹਾਲੇ ਤੱਕ ਵੀ ਇੱਥੋਂ ਦੀ ਨਗਰ ਕੌਂਸਲ ਕੋਲ ਕੁੱਤਿਆਂ ਤੇ ਲਾਵਾਰਸ ਪਸ਼ੂਆਂ ਨੂੰ ਕਾਬੂ ਕਰਨ ਵਾਲਾ ਕੋਈ ਦਸਤਾ ਨਹੀਂ।ਉਨ੍ਹਾਂ ਪ੍ਰਸ਼ਾਸਨ ਤੋਂ ਪੀੜਤ ਬੱਚੇ ਨੂੰ ਮੁਆਵਜ਼ਾ ਦਿੱਤੇ ਜਾਣ ਦੀ ਮੰਗ ਵੀ ਕੀਤੀ।

ਸਨਅਤਕਾਰਾਂ ਤੇ ਕਾਰੋਬਾਰੀਆਂ ਨਾਲ ਸੰਧਵਾਂ ਨੇ ਕੀਤੀ ਮੀਟਿੰਗ

ਕੋਟਕਪੂਰਾ , (ਰਛਪਾਲ ਭੁੱਲਰ) ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਵਿਧਾਇਕ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਅਰੋੜਾ ਆਇਲ ਐਂਡ ਫਲੋਰ ਮਿਲ ਵਿਖੇ ਸ਼ਹਿਰ ਦੇ ਸਨਅਤਕਾਰਾਂ ਤੇ ਕਾਰੋਬਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।ਇਸ ਦੌਰਾਨ ਉਨ੍ਹਾਂ ਫੋਕਲ ਪੁਆਇੰਟ ਵਿਖੇ ਸਥਿਤ ਸਨਅਤਕਾਰਾਂ ਨੂੰ ਦਰਪੇਸ਼ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦੇ ਜਲਦੀ ਹੱਲ ਦਾ ਭਰੋਸਾ ਦਿੱਤਾ।

ਇਸ ਦੌਰਾਨ ਪ੍ਰਧਾਨ ਵਿਸ਼ਾਲ ਗੋਇਲ, ਸੁਤੰਤਰ ਗੋਇਲ, ਰਜੇਸ਼ ਅਰੋੜਾ, ਵਿਪਨ ਗੁਪਤਾ, ਸ਼ੀਤਲ ਗੋਇਲ ਤੇ ਵੇਦ ਅਰੋੜਾ ਆਦਿ ਨੇ ਇਸ ਇਲਾਕੇ ਵਿੱਚ ਕਾਨੂੰਨ ਵਿਵਸਥਾ ਨੂੰ ਦਰੁਸਤ ਰੱਖਣ ਲਈ ਇਸ ਇਲਾਕੇ ਵਿੱਚ ਪੁਲਸ ਚੌਕੀ ਸਥਾਪਤ ਕਰਨ ਦੀ ਅਪੀਲ ਕੀਤੀ।ਜਤਿੰਦਰ ਸਿੰਘ ਡੀ.ਐਸ.ਪੀ. ਕੋਟਕਪੂਰਾ ਅਤੇ ਇੰਸ.ਮਨੋਜ ਸ਼ਰਮਾਂ ਐਸ.ਐਚ.ਓ. ਥਾਣਾ ਸਿਟੀ ਕੋਟਕਪੂਰਾ ਨੇ ਦੱਸਿਆ ਕਿ ਇਸ ਸਬੰਧੀ ਕਾਰਵਾਈ ਚੱਲ ਰਹੀ ਹੈ ਤੇ ਜਲਦੀ ਹੀ ਇੱਥੇ ਪੁਲਸ ਚੌਕੀ ਸਥਾਪਤ ਕਰ ਦਿੱਤੀ ਜਾਵੇਗੀ।ਇਸ ਦੌਰਾਨ ਸਮੂਹ ਕਾਰੋਬਾਰੀਆਂ ਨੇ ਸਮਾਲ ਇੰਡਸਟਰੀ ਦੀ ਰਿਜਰਵ ਪਰਾਈਜ਼ ਰਿਵੀਊ ਕਰਨ ਸਬੰਧੀ, ਕਮਰਸ਼ੀਅਲ ਪਲਾਂਟ ਡਿਵੈਲਪ ਕਰਨ ਸਬੰਧੀ, ਸਮਾਲ ਇੰਡਸਟਰੀ ਦਾ ਸਬ-ਆਫ਼ਿਸ ਬਠਿੰਡਾ, ਲੁਧਿਆਣਾ ਜਾਂ ਕਿਸੇ ਨੇੜਲੇ ਸ਼ਹਿਰ ਵਿੱਚ ਕਰਨ ਸਬੰਧੀ, ਰੁਕੀਆਂ ਟਰਾਂਸਫਰ ਫਾਈਲਾਂ ਨੂੰ ਕਲੀਅਰ ਕਰਨ ਸਬੰਧੀ, ਟਰਾਂਸਪੇਰੈਂਸੀ ਅਲਾਟਡ ਪ੍ਰਕਿਰਿਆ ਨੂੰ ਸੁਖਾਲਾ ਕਰਨ ਸਬੰਧੀ, ਜਲਾਲੇਆਣਾ ਰੋਡ ਤੇ ਮੇਨ ਰੋਡ ਦੇ ਵਿਚਕਾਰ ਵਾਲਾ ਰਸਤਾ ਪੱਕਾ ਕਰਨ ਸਬੰਧੀ ਅਤੇ ਫੋਕਲ ਪੁਆਇੰਟ ਵਿੱਚ ਰਹਿੰਦੇ ਮਜ਼ਦੂਰ ਵਰਗ ਦੇ ਪਰਿਵਾਰਾਂ ਦੇ ਬੱਚਿਆਂ ਆਦਿ ਲਈ ਬੈਂਚ ਅਤੇ ਓਪਨ ਜਿੰਮ ਆਦਿ ਮੁਹੱਈਆ ਕਰਾਉਣ ਸਬੰਧੀ ਅਪੀਲ ਕੀਤੀ। ਕੁਲਤਾਰ ਸਿੰਘ ਸੰਧਵਾਂ ਨੇ ਸਮੂਹ ਕਾਰੋਬਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਆਪਣੀਆਂ ਸਨਅਤਾਂ ਤੇ ਕਾਰੋਬਾਰ ਚਲਾਉਣ ਲਈ ਸਰਕਾਰ ਵੱਲੋਂ ਢੁੱਕਵਾਂ ਮਾਹੌਲ ਮੁਹੱਈਆ ਕਰਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕੁੱਝ ਪੁਰਾਣੇ ਸਮੇਂ ਦੇ ਨਿਯਮ ਬਣੇ ਹੋਏ ਹਨ, ਜਿਨ੍ਹਾਂ ਨੂੰ ਸੁਖਾਲਾ ਕਰਨ ਲਈ ਵਿਭਾਗ ਦੇ ਸਬੰਧਤ ਅਧਿਕਾਰੀਆਂ ਨਾਲ ਸਮਾਂ ਆਉਣ 'ਤੇ ਮੀਟਿੰਗ ਕੀਤੀ ਜਾਵੇਗੀ।

ਕਾਤਰਾਂ

ਕਰਮਜੀਤ ਅਨਮੋਲ ਵੱਡੇ ਫ਼ਰਕ ਨਾਲ ਜਿੱਤ ਪ੍ਰਾਪਤ ਕਰਨਗੇ : ਹਰਬਖਸ਼ ਸਿੱਧੂ

ਕੋਟ ਈਸੇ ਖਾਂ (ਅਰੋੜਾ) ਕਮੇਡੀਅਨ ਗਾਇਕੀ ਤੇ ਫ਼ਿਲਮਾਂ ਵਿੱਚ ਨਿਰਮਾਤਾ ਦੇ ਤੌਰ 'ਤੇ ਕੰਮ ਕਰ ਰਹੇ ਕਰਮਜੀਤ ਅਨਮੋਲ ਜਿਨ੍ਹਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਉਮੀਦਵਾਰ ਬਣਾਇਆ ਗਿਆ ਹੈ, ਉਹ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਨਗੇ ਅਤੇ ਪੰਜਾਬੀਆਂ ਦੀਆਂ ਉਮੀਦਾਂ ਤੇ ਖਰ੍ਹਾ ਉਤਰਨਗੇ। ਇਨ੍ਹਾ ਗੱਲਾਂ ਦਾ ਪ੍ਰਗਟਾਵਾ ਵਿਧਾਨ ਸਭਾ ਕਮੇਟੀ ਦੇ ਮੈਂਬਰ ਤੇ ਯੂਥ ਆਗੂ ਹਰਬਖ਼ਸ਼ ਸਿੰਘ ਸਿੱਧੂ ਨੇ ਕੀਤਾ। ਸਿੱਧੂ ਨੇ ਕਿਹਾ ਕਿ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਜੋ ਸਿਰਫ ਧਰਮਕੋਟ ਦੇ ਹੀ ਨਹੀਂ, ਸਗੋਂ ਪੰਜਾਬ ਦੇ ਇਕ ਬਹੁਤ ਹਰਮਨ ਪਿਆਰੇ ਲੀਡਰ ਵਜੋ ਉਭਰ ਰਹੇ ਹਨ, ਵੱਲੋਂ ਵੱਡੇ ਪੱਧਰ 'ਤੇ ਕਰਾਏ ਜਾ ਰਹੇ ਕੰਮਾਂ ਤੋਂ ਲੋਕ ਕਾਇਲ ਹੋ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹਲਕੇ ਨੂੰ ਹੋਰ ਤਰੱਕੀਆਂ 'ਤੇ ਲਿਜਾਣ ਲਈ ਕਰਮਜੀਤ ਅਨਮੋਲ ਦਾ ਸਾਥ ਦਈਏ

ਫੋਟੋਗ੍ਰਾਫ਼ਰ ਯੂਨੀਅਨ ਦੀ ਚੋਣ ਹੋਈ

ਚੀਮਾ ਮੰਡੀ (ਰਵਿੰਦਰ ਚੀਮਾ) ਫੋਟੋਗ੍ਰਾਫਰ ਇਕਾਈ ਚੀਮਾ ਮੰਡੀ ਯੂਨੀਅਨ ਦੀ ਚੋਣ ਸਰਪ੍ਰਸਤ ਸੁਰਜੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਚਰਨਜੀਤ ਸਿੰਘ ਲਾਲੀ ਨੂੰ ਦੂਜੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਵਰਿੰਦਰ ਸਿੰਘ ਵਿੱਕੀ ਸਟੂਡੀਓ ਗੰਢੂਆਂ, ਸੈਕਟਰੀ ਸੁਖਵਿੰਦਰ ਸਿੰਘ ਚਹਿਲ ਸਟੂਡੀਓ, ਸਹਾਇਕ ਜਗਸੀਰ ਸਿੰਘ ਕਿਸ਼ਨ, ਸਟੂਡੀਓ ਖ਼ਜ਼ਾਨਚੀ ਬਿੱਕਰ ਸਿੰਘ ਦੀਪ, ਸਟੂਡੀਓ ਸਹਾਇਕ ਕੁਲਵਿੰਦਰ ਸਿੰਘ ਨਾਟੂ ਸਟੂਡੀਓ ਹੀਰੋ ਕਲਾਂ ਨੂੰ ਬਣਾਇਆ ਗਿਆ।ਯੂਨੀਅਨ ਦੇ ਨਵੇਂ ਬਣੇ ਪ੍ਰਧਾਨ ਚਰਨਜੀਤ ਸਿੰਘ ਲਾਲੀ ਨੇ ਕਿਹਾ ਕਿਸੇ ਵੀ ਫੋਟੋਗ੍ਰਾਫ਼ਰ ਨੂੰ ਕੋਈ ਵੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਪਹਿਲਾਂ ਦੀ ਤਰ੍ਹਾਂ ਸਾਰੇ ਮੈਂਬਰਾਂ ਨੂੰ ਨਾਲ ਲੈ ਕੇ ਯੂਨੀਅਨ ਨੂੰ ਤਰੱਕੀ ਵੱਲ ਲੈ ਕੇ ਜਾਵਾਂਗੇ।

ਮੇਰੇ ਸਿਆਸੀ ਵਿਰੋਧੀ ਕੋਝੀਆਂ ਚਾਲਾਂ ਚੱਲਣ ਤੋਂ ਆਉਣ ਬਾਜ਼ : ਸਰਾਰੀ

ਗੁਰੂਹਰਸਹਾਏ, (ਫ਼ਕੀਰ ਚੰਦ ਸਿਕਰੀ) ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਪਿਛਲੇ ਦਿਨੀਂ ਰਾਣਾ ਪੰਜਗਰਾਈਂ ਦੇ ਇੱਕ ਵਿਅਕਤੀ ਕੋਲੋਂ 800 ਗ੍ਰਾਮ ਹੈਰੋਇਨ ਐਸ ਟੀ ਐਫ਼ ਫ਼ਿਰੋਜ਼ਪੁਰ ਵੱਲੋਂ ਬਰਾਮਦ ਕੀਤੀ ਗਈ ਹੈ। ਵਿਧਾਇਕ ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਕੁੱਝ ਮੇਰੇ ਸਿਆਸੀ ਵਿਰੋਧੀ ਤੇ ਲੋਕਾਂ ਦੇ ਨਕਾਰੇ ਹੋਏ ਲੋਕ ਇਸ ਮਾਮਲੇ 'ਚ ਮੇਰਾ ਨਾਂਅ ਜੋੜ ਰਹੇ ਹਨ, ਪਰ ਇਹ ਗੱਲ ਸੱਚਾਈ ਤੋਂ ਕੋਹਾਂ ਦੂਰ ਹੈ। ਉਨ੍ਹਾਂ ਕਿਹਾ ਕਿ ਕੁੱਝ ਲੋਕ ਸੋਸ਼ਲ ਮੀਡੀਆ ਤੇ ਗ਼ਲਤ ਭੰਡੀ ਪ੍ਰਚਾਰ ਕ

page-6-28 March.-2024.qxd 3/27/2024 10:44 PM Page 1

ਮੰਡੀ ਚੋਹਲਾ ਸਾਹਿਬ ਤੇ ਮੰਡੀ ਗੰਡੀਵਿੰਡ ਧੱਤਲ ਦੇ ਆੜ੍ਹਤੀਆਂ ਦੀ ਇਕੱਤਰਤਾ

ਚੋਹਲਾ ਸਾਹਿਬ, (ਰਮਨ ਚੱਢਾ)-ਮੰਡੀ ਚੋਹਲਾ ਸਾਹਿਬ ਅਤੇ ਮੰਡੀ ਗੰਡੀਵਿੰਡ ਧੱਤਲ ਦੇ ਆੜ੍ਹਤੀਆਂ ਦੀ ਮੀਟਿੰਗ ਮੰਡੀ ਪ੍ਰਧਾਨ ਅੰਮਤ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਜਿਲਾ ਤਰਨਤਾਰਨ ਤੋਂ ਪ੍ਰਧਾਨ ਕੁਲਬੀਰ ਸਿੰਘ ਕਸੇਲ ਅਤੇ ਦੇਵਗਨ ਸ਼ਾਮਲ ਹੋਏ। ਮੀਟਿੰਗ ਵਿੱਚ ਮੰਡੀਆਂ ਦੀਆਂ ਮੁਸ਼ਕਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਦੋਵਾਂ ਮੰਡੀਆਂ ਦਾ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਇਸ ਵਾਰ ਕਣਕ ਦੇ ਸੀਜ਼ਨ ਦੌਰਾਨ ਮੰਡੀ ਵਿੱਚੋ ਕੋਈ ਵੀ ਆੜ੍ਹਤੀਆ ਆਪਣੀਆ ਗੱਡੀਆਂ 'ਤੇ ਮਾਲ ਲਿਫਟਿੰਗ ਦਾ ਕੰਮ ਨਹੀ ਕਰੇਗਾ। ਲਿਫਟਿੰਗ ਦਾ ਸਾਰਾ ਕੰਮ ਟੈਂਡਰਕਾਰ ਕੋਲੋਂ ਹੀ ਕਰਵਾਇਆ ਜਾਵੇ।.ਪ੍ਰਧਾਨ ਅਮਿਤ ਨੇ ਪੱਤਰਕਾਰਾਂ ਨੂੰ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਟੈਂਡਰਕਾਰ ਵਲੋਂ ਕੰਮ ਨਾ ਕਰਨ ਤੇ ਟੈਂਡਰ ਕੈਂਸਲ ਕਰਵਾਏ ਜਾਣਗੇ। ਆੜ੍ਹਤੀਆ ਐਸੋਸੀਏਸ਼ਨ ਆਫ ਪੰਜਾਬ ਵਲੋਂ ਆੜ੍ਹਤੀਆਂ ਦੀ ਮੱਦਦ ਕੀਤੀ ਜਾਵੇਗੀ। ਜੇਕਰ ਕੋਈ ਆੜ੍ਹਤੀਆ ਜ਼ਬਰਦਸਤੀ ਕਣਕ ਲੋਡ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਸਾਰੀ ਮੰਡੀ ਉਸਦਾ ਬਾਈਕਾਟ ਕਰੇਗੀ ਅਤੇ ਉਸਨੂੰ ਹਰਜਾਨਾ ਵੀ ਕੀਤਾ ਜਾਵੇਗਾ।.ਇਸ ਸਮੇਂ ਪ੍ਰਮਜੀਤ ਜੋਸ਼ੀ, ਸਾਧੂ ਸਿੰਘ ਸਾਬਕਾ ਪ੍ਰਧਾਨ, ਕੈਪਟਨ ਮਲੂਕ ਸਿੰਘ ਸਾਬਕਾ ਪ੍ਰਧਾਨ, ਮਾਸਟਰ ਦਲਬੀਰ ਸਿੰਘ ਚੰਬਾ, ਮਾਸਟਰ ਗੁਰਨਾਮ ਸਿੰਘ ਧੁੰਨ, ਅਮਰੀਕ ਸਿੰਘ ਸਰਪੰਚ ਚੋਹਲਾ ਸਾਹਿਬ, ਫਤਿਹ ਸਿੰਘ ਸੈਕਟਰੀ, ਰਾਜਬੀਰ ਸਿੰਘ ਸੈਕਟਰੀ, ਗੁਰਮੀਤ ਸਿੰਘ ਸੈਕਟਰੀ, ਬਲਵੰਤ ਸਿੰਘ ਸੈਕਟਰੀ, ਸੁਖਰਾਜ ਸਿੰਘ ਕਰਮੂੰਵਾਲਾ ਅਤੇ ਗੰਡੀਵਿੰਡ ਮੰਡੀ ਵਿੱਚੋਂ ਗੁਰਮੀਤ ਸਿੰਘ, ਸੋਨੂੰ ਮੁਨੀਮ, ਰਾਜਬੀਰ ਸਿੰਘ ਸੈਕਟਰੀ, ਗੁਰਨਾਮ ਸਿੰਘ, ਜਸਪਾਲ ਸਿੰਘ, ਜਗੀਰ ਸਿੰਘ ਆਦਿ ਹਾਜ਼ਰ ਸਨ।

ਏਜੀਆਈ ਇਨਫਰਾ ਲਿਮਿਟਿਡ ਵੱਲੋਂ ਬੱਚਿਆਂ ਲਈ ਮੁਫਤ ਸਿੱਖਿਆ ਸਕੂਲ

ਜਲੰਧਰ (ਰਾਜੇਸ਼ ਥਾਪਾ) ਰੀਅਲ ਅਸਟੇਟ ਅਤੇ ਨਿਰਮਾਣ ਕੰਪਨੀ ਏਜੀਆਈ ਇਨਫਰਾ ਲਿਮਟਿਡ ਨੇ ਗਰੀਬ ਪਿਛੋਕੜ ਵਾਲੇ ਲਗਭਗ 200 ਬੱਚਿਆਂ ਲਈ ਮੁਫਤ ਸਿੱਖਿਆ ਲਈ ਆਪਣੇ ਪ੍ਰੋਜੈਕਟ ਵਿੱਚ ਏਜੀਆਈ ਵੈਲਫੇਅਰ ਸਕੂਲ ਨੂੰ ਸਥਾਪਤ ਕੀਤਾ ਹੈ। ਵਿਦਿਆਰਥੀਆਂ ਦੀ ਪੜ੍ਹਾਈ ਲਈ ਲੋੜੀਂਦੀ ਹਰ ਚੀਜ਼, ਪਾਠ ਪੁਸਤਕਾਂ, ਨੋਟਬੁੱਕਾਂ ਅਤੇ ਮੌਸਮ ਦੇ ਅਨੁਕੂਲ ਢੁੱਕਵੇਂ ਪਹਿਰਾਵੇ ਬਿਲਕੁਲ ਮੁਫ਼ਤ ਦਿੱਤੇ ਜਾਂਦੇ ਹਨ।ਇਸ ਤੋਂ ਇਲਾਵਾ, ਬੱਚਿਆਂ ਨੂੰ ਮੁਫਤ ਪੌਸ਼ਟਿਕ ਮਿਡ-ਡੇ-ਮੀਲ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ ਬੱਚਿਆਂ ਲਈ ਬੱਸ ਸੇਵਾਵਾਂ ਮੁਫ਼ਤ ਉਪਲਬਧ ਹਨ।ਏਜੀਆਈ ਵੈਲਫੇਅਰ ਸਕੂਲ ਨੇ ਝੌਪੜੀਆਂ ਵਿੱਚ ਰਹਿਣ ਵਾਲੇ ਬੱਚਿਆਂ ਨੂੰ ਲਿਆਉਣ ਲਈ ਵਿਸ਼ੇਸ਼ ਤੌਰ 'ਤੇ ਲੋਕ ਵੀ ਨਿਯੁਕਤ ਕੀਤੇ ਹਨ।

ਮੋਹਨ ਕੇ ਹਿਠਾੜ ਵਿਖੇ ਕਾਲਜ 'ਚ ਲੱਗਾ ਨੌਜਵਾਨ ਵੋਟਰ ਜਾਗਰੂਕਤਾ ਸੈਮੀਨਾਰ

ਗੁਰੂਹਰਸਹਾਏ, (ਫ਼ਕੀਰ ਚੰਦ ਸਿਕਰੀ)-ਸ਼ਹੀਦ ਊਧਮ ਸਿੰਘ ਪੰਜਾਬ ਯੂਨੀਵਰਸਿਟੀ ਕਾਂਸਟੀਚਿਊਟ ਕਾਲਜ ਮੋਹਨ ਕੇ ਹਿਠਾੜ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ।ਪੰਜਾਬ ਵਿੱਚ ਆਉਂਦੇ ਜੂਨ ਮਹੀਨੇ ਵਿੱਚ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ, ਇਸ ਉਦੇਸ਼ ਅਤੇ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਸਹਾਇਕ ਰਿਟਰਨਿੰਗ ਅਫਸਰ-ਕਮ-ਐੱਸਡੀਐੱਮ ਗਗਨਦੀਪ ਸਿੰਘ ਦੀ ਅਗਵਾਈ ਅਤੇ ਦਿਸ਼ਾ ਨਿਰਦੇਸ਼ਾਂ ਹੇਠ ਸ਼ਹੀਦ ਊਧਮ ਸਿੰਘ ਕਾਲਜ, ਮੋਹਨ ਕੇ ਗੁਰੂਹਰਸਹਾਏ, ਦੁਆਰਾ ਲੋਕ ਸਭਾ ਚੋਣਾਂ-2024 ਦੇ ਸਨਮੁਖ ਲੋਕਤੰਤਰ ਵਿੱਚ ਨੌਜਵਾਨਾਂ ਦੀ ਭੂਮਿਕਾ ਵਿਸ਼ੇ 'ਤੇ ਵੋਟਰ ਜਾਗਰੂਕ ਸੈਮੀਨਾਰ ਪ੍ਰਿੰਸੀਪਲ ਡਾ. ਸੁਨੀਲ ਖੋਸਲਾ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਜਾਗਰੂਕਤਾ ਸੈਮੀਨਾਰ ਦੇ ਮੁੱਖ ਬੁਲਾਰੇ ਡਾ. ਸਰਬਜੀਤ ਕੌਰ ਪ੍ਰਿੰਸੀਪਲ ਗੁਰੂ ਰਾਮਦਾਸ ਐਜੂਕੇਸ਼ਨ ਕਾਲਜ ਜਲਾਲਾਬਾਦ, ਪ੍ਰਭਜੀਤ ਸਿੰਘ ਬੀਡੀਪੀਓ ਗੁਰੂ ਹਰ ਸਹਾਏ, ਪਰਵਿੰਦਰ ਸਿੰਘ, ਸੈਡਮ ਰਿਕਲ ਮੁੰਜਾਲ ਅਤੇ ਸਵੀਪ ਟੀਮ ਮੌਜੂਦ ਸਨ।ਮੰਚ ਸੰਚਾਲਨ ਕਰ ਰਹੇ ਪ੍ਰੋ. ਗੀਨਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਆਏ ਮਹਿਮਾਨਾਂ ਦੀ ਜਾਣ-ਪਹਿਚਾਣ ਕਰਵਾਈ। ਡਾ. ਸਰਬਜੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਵੋਟ ਦੀ ਮਹੱਤਤਾ ਨੂੰ ਸਮਝਾਇਆ। ਇਸ ਤੋਂ ਬਾਅਦ ਬੀਡੀਪੀਓ ਪ੍ਰਭਜੀਤ ਸਿੰਘ ਨੇ ਵੀ ਨੌਜਵਾਨਾਂ ਨੂੰ ਵੋਟ ਪਾਉਣ ਅਤੇ ਘੱਟ ਵੋਟਿੰਗ ਖੇਤਰ ਦੀ ਪਹਿਚਾਣ ਕਰਕੇ ਭਾਰੀ ਮਤਦਾਨ ਕਰਵਾਉਣ ਪ੍ਰਤੀ ਉਤਸ਼ਾਹਿਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਸੁਨੀਲ ਖੋਸਲਾ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਸ ਵੋਟ ਪਾਉਣ ਦੇ ਅਧਿਕਾਰ ਲਈ ਬੜੇ ਲੋਕਾਂ ਨੂੰ ਆਪਣੀ ਸ਼ਹਾਦਤ ਦੇਣੀ ਪਈ।ਇਸ ਲਈ ਆਪਣੇ ਵੋਟ ਪਾਉਣ ਦੇ ਅਧਿਕਾਰ ਨੂੰ ਅਜਾਈਂ ਨਹੀਂ ਗਵਾਉਣਾ ਚਾਹੀਦਾ। ਇਸ ਕਾਲਜ ਵਿੱਚ ਸਵੀਪ ਮਹਿੰਦੀ ਮੁਕਾਬਲਾ, ਰੰਗੋਲੀ ਸਜਾਉਣ ਦੇ ਮੁਕਾਬਲੇ ਦੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰੋਫੈਸਰ ਗੁਰਮੀਤ ਸਿੰਘ ਵਲੋਂ ਸਵੀਪ ਵੋਟਰ ਪ੍ਰਣ ਕਰਵਾ ਕੇ ਲੋਕਤੰਤਰਿਤ ਪ੍ਰੰਪਰਾਵਾਂ ਤੇ ਮਾਣ ਮਹਿਸੂਸ ਕਰਵਾਇਆ। ਇਸ ਸਮਾਗਮ 'ਚ ਅਸਿਸਟੈਂਟ ਪ੍ਰੋ: ਵਨਿਕਾ, ਗੁਰੂ ਰਾਮਦਾਸ ਐਜੂਕੇਸ਼ਨ ਕਾਲਜ ਜਲਾਲਾਬਾਦ, ਗੁਰਦੀਪ ਸਿੰਘ ਦੀਪਾ, ਅੰਗਰੇਜ਼ੀ ਵਿਭਾਗ ਦੇ ਫੈਕਲਟੀ ਮੈਂਬਰਜ਼ ਸਮੇਤ ਜਸਵਿੰਦਰ ਸਿੰਘ, ਕਰਨਵੀਰ ਸਿੰਘ ਸੋਢੀ, ਹਰਮਨਪ੍ਰੀਤ ਸਿੰਘ ਸ਼ਾਮਿਲ ਸਨ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਅਮਰਜੀਤ ਸਿੰਘ,
ਨਾਇਬ ਤਹਿਸੀਲਦਾਰ ਕਰਤਾਰਪੁਰ

ਉਪਰੋਕਤ ਦਫਤਰ ਵਿਚ ਇਕ ਦਰਖਾਸਤ ਜੋ ਕਿ ਹਰਭਜਨ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਧੀਰਪੁਰ ਵੱਲੋਂ ਪੇਸ਼ ਕੀਤੀ ਗਈ ਹੈ, ਜਿਸ ਮੁਤਾਬਕ ਵਾਕਿਆ ਰਕਬਾ ਧੀਰਪੁਰ ਜ਼ਿਲ੍ਹਾ ਜਲੰਧਰ ਦੇ ਮਾਲ ਰਿਕਾਰਡ ਵਿਚ ਉਸ ਦਾ ਨਾਂਅ ਭਜਨ ਸਿੰਘ ਪੁੱਤਰ ਜੋਗਿੰਦਰ ਸਿੰਘ ਆ ਰਿਹਾ ਹੈ ਜਦ ਕਿ ਉਸ ਦਾ ਅਸਲ ਨਾਂਅ ਹਰਭਜਨ ਸਿੰਘ ਪੁੱਤਰ ਜੋਗਿੰਦਰ ਸਿੰਘ ਹੈ। ਇਹ ਕਿ ਹਰਭਜਨ ਸਿੰਘ ਪੁੱਤਰ ਜੋਗਿੰਦਰ ਸਿੰਘ ਅਤੇ ਭਜਨ ਸਿੰਘ ਪੁੱਤਰ ਜੋਗਿੰਦਰ ਸਿੰਘ ਇਕ ਨਾਂਅ ਦੇ ਵਿਅਕਤੀ ਹਨ। ਇਹ ਕਿ ਹੁਣ ਉਕਤ ਜਮ੍ਹਾਂਬੰਦੀ ਵਿਚ ਭਜਨ ਸਿੰਘ ਪੁੱਤਰ ਜੋਗਿੰਦਰ ਸਿੰਘ ਦੀ ਥਾਂ ਭਜਨ ਸਿੰਘ ਪੁੱਤਰ ਜੋਗਿੰਦਰ ਸਿੰਘ ਉਰਫ ਹਰਭਜਨ ਸਿੰਘ ਪੁੱਤਰ ਜੋਗਿੰਦਰ ਸਿੰਘ ਦਰਜ ਕਰਨ ਦੀ ਤਜਵੀਜ਼ ਹੈ।

ਇਸ ਨੋਟਿਸ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਿਚ ਵਿਅਕਤੀ ਦਾ ਨਾਂਅ ਬਦਲਣ ਲਈ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿਚ ਆਪਣਾ ਪੱਖ/ਇਤਰਾਜ਼ ਪੇਸ਼ ਕਰ ਸਕਦਾ ਹੈ। ਇਹ ਨੋਟਿਸ ਸਰਕਾਰ ਦੇ ਪੱਤਰ ਨੰਬਰ ਮੀਮੋ ਨੰਬਰ 25/78/2012-ਭ.ਮ-2/12445-71 ਚੰਡੀਗੜ੍ਹ ਮਿਤੀ 26.07.13 ਵਿਚ ਦਰਜ ਹਦਾਇਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਕਿਸੇ ਪੱਖ/ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਰਿਕਾਰਡ ਮਾਲ ਵਿਚ ਬਿਨੈਕਾਰ ਦਾ ਨਾਂਅ ਦਰਜ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਜਾਣਗੇ।

ਸਹੀ /-ਨਾਇਬ ਤਹਿਸੀਲਦਾਰ, ਕਰਤਾਰਪੁਰ
ਨੰਬਰ 78 ਰੀਡਰ/ਮਿਤੀ : 06/3/24

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਅਮਰਜੀਤ ਸਿੰਘ,
ਨਾਇਬ ਤਹਿਸੀਲਦਾਰ ਕਰਤਾਰਪੁਰ

ਉਪਰੋਕਤ ਦਫਤਰ ਵਿਚ ਇਕ ਦਰਖਾਸਤ ਜੋ ਕਿ ਗੁਰਜੀਤ ਸਿੰਘ ਪੁੱਤਰ ਗੁਲਵੰਤ ਸਿੰਘ ਵਾਸੀ ਪਿੰਡ ਮੌਖੇ, ਡਾਕਖਾਨਾ ਨੂਸੀ, ਜ਼ਿਲ੍ਹਾ ਜਲੰਧਰ ਵੱਲੋਂ ਪੇਸ਼ ਕੀਤੀ ਗਈ ਹੈ, ਜਿਸ ਮੁਤਾਬਕ ਵਾਕਿਆ ਰਕਬਾ ਪਿੰਡ ਮੌਖੇ ਜਲੰਧਰ-2 (ਕਰਤਾਰਪੁਰ) ਵਿਚ ਉਸ ਦੇ ਪਿਤਾ ਦਾ ਨਾਂਅ ਮਾਲ ਰਿਕਾਰਡ ਵਿਚ ਗੁਲਵੰਤ ਆ ਰਿਹਾ ਹੈ ਜਦ ਕਿ ਉਨ੍ਹਾਂ ਦਾ ਅਸਲ ਨਾਂਅ ਹਰਬੰਸ ਸਿੰਘ ਹੈ। ਇਹ ਕਿ ਗੁਲਵੰਤ ਅਤੇ ਹਰਬੰਸ ਸਿੰਘ ਇਕ ਨਾਂਅ ਦੇ ਵਿਅਕਤੀ ਹਨ। ਇਹ ਕਿ ਹੁਣ ਉਕਤ ਜਮ੍ਹਾਂਬੰਦੀ ਵਿਚ ਗੁਲਵੰਤ ਸਿੰਘ ਪੁੱਤਰ ਮਲੂਕ ਸਿੰਘ ਪੁੱਤਰ ਵਜੀਰਾ ਦੀ ਥਾਂ ਗੁਲਵੰਤ ਸਿੰਘ ਪੁੱਤਰ ਮਲੂਕ ਸਿੰਘ ਪੁੱਤਰ ਵਜੀਰਾ ਉਰਫ ਹਰਬੰਸ ਸਿੰਘ ਪੁੱਤਰ ਮਲੂਕ ਸਿੰਘ ਪੁੱਤਰ ਵਜੀਰਾ ਦਰਜ ਕਰਨ ਦੀ ਤਜਵੀਜ਼ ਹੈ।

ਇਸ ਨੋਟਿਸ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਿਚ ਵਿਅਕਤੀ ਦਾ ਨਾਂਅ ਬਦਲਣ ਲਈ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿਚ ਆਪਣਾ ਪੱਖ/ਇਤਰਾਜ਼ ਪੇਸ਼ ਕਰ ਸਕਦਾ ਹੈ। ਇਹ ਨੋਟਿਸ ਸਰਕਾਰ ਦੇ ਪੱਤਰ ਨੰਬਰ ਮੀਮੋ ਨੰਬਰ 25/78/2012-ਭ.ਮ-2/12445-71 ਚੰਡੀਗੜ੍ਹ ਮਿਤੀ 26.07.13 ਵਿਚ ਦਰਜ ਹਦਾਇਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਕਿਸੇ ਪੱਖ/ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਰਿਕਾਰਡ ਮਾਲ ਵਿਚ ਬਿਨੈਕਾਰ ਦਾ ਨਾਂਅ ਦਰਜ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਜਾਣਗੇ।

ਸਹੀ /-ਨਾਇਬ ਤਹਿਸੀਲਦਾਰ, ਕਰਤਾਰਪੁਰ
ਨੰਬਰ 223 ਰੀਡਰ/ਮਿਤੀ : 26/3/24

PUBLIC NOTICE

Under the Instructions of IDFC First Bank Limited, I hereby informed the general public that I, BalwinderKaur (Aadhar Card number 684139324802) W/o Inderjit Singh S/o Late Balwinder Singh R/o L-6/508, 6, Sultanwind Road, New Shaheedhasra no.966 min, measuring 122.32 sqare yards, that is situated within revenue estate of area sultanwind Urban, Abadi new ShaheedUdham Singh Nagar, Tehsil and District Amritsar that is bounded as East: property no.555, West: Bazar16 feet North: Plot no.563 and South: Plot no.561. vides Sale Deed Dated: 13-02-2001 as Document no.10589. I further declare that original this property belongs to Balwinder Singh S/o HarbansLal Vide Sale Deed Dated 13-02-2001 as Document no.10589. Thereafter Balwinder Singh died and his property inherited by his legal heirs Raj Rani Widow Jagmohan Singh, Inderjit Singh, Lakhbir Singh all Son's &SandeepKaur D/o Balwinder Singh S/o HarbansLal of which mutation no. 73108 Stood Sanctioned by revenue authorities. Then SandeepKaur died and her peroperty inherited by her legal heirs Bittu S/o Rajinder Singh and Prince Son and Priya D/o Bittu of which mutation no.81977 Stood Sanctioned by revenue authorities and except for these legal heirs there is no other legal heir leaving or dead. This publication is being caused to call upon any objection of claim if any from General Public. If any Bank or Financial Institution or General Public has any objection or claim over said property by way of mortgage, ownership or inheritance then they may contact to Advocate Dinesh Arora # D 490, Ranjit Avenue, Amritsar Phone: 9779304041 within a period of 7 working days from the date of this public notice. After expiry of period of this notice, no claim shall be entertained and such claim shall be deemed to be false, frivolous, fake, fraudulent and baseless claim and shall have no value in eyes of law. It shall also be deemed that nobody has any objection for mortaging aforesaid property with IDFC Bank Limited

COURT NOTICE

(U/o 5 Rule 20 CPC)
In The Court of Amit Malhan
Additional Civil Judge, (Senior Division) Amritsar
CNR No. PBAS02-001179-2024
Next Date : 23.05.2024
Sehajbir Maan @ Amrit aged 26 years S/o Rajpal Singh, R/o 73(A), Majitha Road, Palam Vihar, Amritsar.
Vs.
General Public

Suit for declaration to the effect that the names of the plaintiff Sehajbir Maan and Amit are of one and the same person i.e. the plaintiff.

Publication Issued To :
General Public

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 23.05.2024 at 10:00 A.M.

For details logon to https://highcourtchd.gov.in/?trs=district_notice&district=Amritsar

Additional Civil Judge, (Senior Division) Amritsar
Dated this day of 22-03-2024

CRIMINAL COURTS AMRITSAR

In The Court of Harsimranjit Kaur
Judicial Magistrate First Class, Amritsar
Next Date, Purpose of case, Orders and Judgment as well as other case information is available on http://ecourts.gov.in
PBAS03-003371-2020
Next Date : 13.06.2024
NACT/935/2020
M/s Cholamandalam Investment and Finance Company Vs Sarabjit Singh Police Station/ Fir No. //0

Proclamation Requiring the Appearance of a Person Accused
Detail of offence :
Publication Issued To :
Sarabjeet Singh :
Son of Darshan Singh, Village Valtoha Sandwa, Near High School, Tarn Taran-143416, Mobile No. 87258-92692

Whereas Complaint/Case has been made before me that Sarabjit Singh S/o Darshan Singh, Village Valtoha Sandwa, Near High School, Tarn Taran 87258-92692 has committed (or is suspected to have committed) the offence punishable under section 138 of Negotiable instruments Act and it has been returned to a warrant of arrest theireupon issued that the said Sarabjeet Singh cannot be found, and whereas it has been shown to my satisfaction that the said Sarabjit Singh has absconded (or is concealing himself/herself to avoid the service of the said warrant) ; Proclamation is hereby made that the said Sarabjit Singh is required to appear before this court (or before me) 13-06-2024 to answer the said Complaint/case.

Judicial Magistrate First Class, Amritsar
Dated this day of 23/03/2024

YES BANK

Registered & Corporate Office : YES BANK House, Off Western Express Highway, Santacruze East, Mumbai-400055, CIN: L65190MH2003PLC143249, Email: communications@yesbank.in, Website: www.yesbank.in

[(ਰੂਲ-8 (i)] ਕਬਜ਼ਾ ਨੋਟਿਸ

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਸ੍ਰੀ ਨਵਨੀਤ ਸ਼ਰਮਾ ਪੁੱਤਰ ਸ੍ਰੀ ਪੁਸ਼ਪਿੰਦਰ ਸ਼ਰਮਾ, ਵਾਸੀ ਫਲੈਟ ਨੰ: 41 ਏ, ਪਹਿਲੀ ਮੰਜ਼ਲ, ਸਵਿੱਤਰੀ-2, ਗਾਜ਼ੀਪੁਰ ਰੋਡ, ਵੀ ਆਈ ਪੀ ਰੋਡ ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ-140603, ਨਾਲ ਹੀ : ਦੁਕਾਨ ਨੰ: 17, ਪਹਿਲੀ ਮੰਜ਼ਲ, ਵੀ ਆਈ ਪੀ ਗਲੇਰੀਆ, ਵੀ ਆਈ ਪੀ ਰੋਡ ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ-140603 ਨਾਲ ਹੀ ਫਲੈਟ ਨੰ: 32-ਬੀ, ਦੂਜੀ ਮੰਜ਼ਲ, ਬਲਾਕ ਡੀ, ਮਿਸਟ ਅਰਕੇਡ, ਪਿੰਡ ਨਾਭਾ, ਹਾਈ ਲੈਂਡ ਮਾਰਗ, ਸਬ-ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ-140603 (2) ਸ੍ਰੀਮਤੀ ਪੂਜਾ ਪਤਨੀ ਨਵਨੀਤ ਸ਼ਰਮਾ ਵਾਸੀ ਫਲੈਟ ਨੰ: 41-ਏ, ਪਹਿਲੀ ਮੰਜ਼ਲ, ਸਵਿੱਤਰੀ-2, ਗਾਜ਼ੀਪੁਰ ਰੋਡ, ਵੀ ਆਈ ਪੀ ਰੋਡ ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ-140603, ਨਾਲ ਹੀ : ਮਕਾਨ ਨੰ: 204, ਅਕਾਸ਼ ਟਾਵਰ, ਜਮੁਨਾ ਇਨਕਲੇਵ,ਜ਼ੀਰਕਪੁਰ, ਐੱਸ ਏ ਐੱਸ ਨਗਰ, ਮੋਹਾਲੀ ਪੰਜਾਬ-140603, ਨਾਲ ਹੀ ਫਲੈਟ ਨੰ: 32-ਬੀ, ਦੂਜੀ ਮੰਜ਼ਲ, ਬਲਾਕ-ਡੀ, ਮਿਸਟ ਅਰਕੇਡ, ਪਿੰਡ ਨਾਭਾ, ਹਾਈ ਲੈਂਡ ਮਾਰਗ, ਸਬ-ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ-140603 (3) ਸੰਤੋਸ਼ ਕੁਮਾਰੀ ਪਤਨੀ ਸ੍ਰੀ ਪੁਸ਼ਪਿੰਦਰ ਸ਼ਰਮਾ, ਵਾਸੀ ਫਲੈਟ ਨੰ: 41-ਏ, ਪਹਿਲੀ ਮੰਜ਼ਲ, ਸਵਿੱਤਰੀ-2, ਗਾਜ਼ੀਪੁਰ ਰੋਡ, ਵੀ ਆਈ ਪੀ ਰੋਡ ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ-140603, ਨਾਲ ਹੀ ਮਕਾਨ ਨੰ: ਬੀ-X/1080, ਕੇ ਸੀ ਰੋਡ, ਗਲੀ ਨੰ: 3, ਵਾਰਡ ਨੰ: 21, ਬਠਨਾਲਾ, ਪੰਜਾਬ-148101, ਨਾਲ ਹੀ : ਫਲੈਟ ਨੰ: 32-ਬੀ, ਦੂਜੀ ਮੰਜ਼ਲ, ਬਲਾਕ-ਡੀ ਮ

28-MAR-PAGE-7.qxd 3/27/2024 10:30 PM Page 1

6 ਨਸ਼ਾ ਤਸਕਰ ਕਾਬੂ, ਹੈਰੋਇਨ ਤੇ ਚਿੱਟੇ ਦੀ ਵੱਡੀ ਖੇਪ ਬਰਾਮਦ

ਸੰਗਰੂਰ (ਪ੍ਰਵੀਨ ਸਿੰਘ)-ਸ੍ਰੀ ਸਰਤਾਜ ਸਿੰਘ ਚਾਹਲ ਆਈ.ਪੀ.ਸੀ, ਐਸ.ਐਸ.ਪੀ. ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਨਸ਼ੇ ਦਾ ਕਾਰੋਬਾਰ ਕਰਨ ਤੇ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ 06 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ 01 ਕਿੱਲੋ 105 ਗ੍ਰਾਮ ਹੈਰੋਇਨ/ਚਿੱਟਾ ਸਮੇਤ 29,500/- ਰੁਪਏ ਡਰੱਗ ਮਨੀ ਬ੍ਰਾਮਦ ਕਰਾਈ ਗਈ।ਸ੍ਰੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਸ੍ਰੀ ਪਲਵਿੰਦਰ ਸਿੰਘ ਚੀਮਾ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਦੀ ਯੋਗ ਅਗਵਾਈ ਤੇ ਸ੍ਰੀ ਗੁਰਦੇਵ ਸਿੰਘ ਧਾਲੀਵਾਲ ਉਪ ਕਪਤਾਨ ਪੁਲਿਸ (ਡਿਟੈਕਟਿਵ) ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੰਸਪੈਕਟਰ ਸੰਦੀਪ ਸਿੰਘ, ਇੰਚਾਰਜ ਸੀ.ਆਈ.ਏ ਬਹਾਦਰ ਸਿੰਘ ਵਾਲਾ ਦੀ ਟੀਮ ਨੂੰ ਉਸ ਸਮੇਂ ਸਫ਼ਲਤਾ ਮਿਲੀ, ਜਦੋਂ 22 ਮਾਰਚ ਨੂੰ ਥਾਣੇਦਾਰ ਅਵਤਾਰ ਸਿੰਘ 859/ਪਟਿ: ਸੀ.ਆਈ.ਏ ਬਹਾਦਰ ਸਿੰਘ ਵਾਲਾ ਵੱਲੋਂ ਸਮੇਤ ਪੁਲਿਸ ਪਾਰਟੀ ਨੂੰ ਇਤਲਾਹ ਮਿਲਣ 'ਤੇ ਬਾਹਦ ਪਿੰਡ ਦੁੱਗਾਂ ਤੋਂ ਗੁਰਰਾਜ ਸਿੰਘ ਉਰਫ਼ ਹੈਪੀ ਪੁੱਤਰ ਲੇਟ ਮੱਤਵਾਲ ਸਿੰਘ ਵਾਸੀ ਮੁੰਡਾ ਖੇੜਾ ਉਰਫ ਬੇਲੂਮਾਜਰਾ ਥਾਣਾ ਸਦਰ ਸਮਾਣਾ ਅਤੇ ਰਘੁਬੀਰ ਸਿੰਘ ਉਰਫ਼ ਸੰਮਾ ਪੁੱਤਰ ਮਹਿੰਦਰ ਸਿੰਘ ਵਾਸੀ ਰਾਮਗੜ੍ਹ ਉਰਫ ਭਗਤੂਆਣਾ ਥਾਣਾ ਜੈਤੋ ਜ਼ਿਲ੍ਹਾ ਫ਼ਰੀਦਕੋਟ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜਾ ਵਿੱਚੋਂ 40) ਗ੍ਰਾਮ ਹੈਰੋਇਨ/ਚਿੱਟਾ ਸਮੇਤ ਕਾਰ ਮਾਰਕਾ ਸਵਿਫਟ ਰੰਗ ਚਿੱਟਾ ਐਕਟ ਥਾਣਾ ਲੋਂਗੋਵਾਲ ਬਰਖਿਲਾਫ ਦੋਸੀਆਨ ਉਕਤਾਨ ਦਰਜ ਰਜਿਸਟਰ ਕਰਵਾਕੇ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ।

ਦੌਰਾਨੇ ਤਫਤੀਸ਼ ਦੋਸ਼ੀਆਨ ਉਕਤਾਨ ਦੀ ਪੁੱਛ-ਗਿੱਛ ਤੋਂ ਅਜੈ ਸਿੰਘ ਉਰਫ ਖੁੰਡੀ ਉਰਫ ਜਸ਼ਨ ਪੁੱਤਰ ਸੁੱਖਾ ਸਿੰਘ ਵਾਸੀ ਭੈਣੀ, ਡਾਕਖਾਨਾ ਗੁਮਾਨਪੁਰਾ ਜਿਲਾ ਅਮ੍ਰਿਤਸਰ ਸਾਹਿਬ ਨੂੰ ਮੁਕੱਦਮਾ ਹਜਾ ਵਿੱਚ ਅ/ਧ 29 ਐਨ.ਡੀ.ਪੀ.ਐਸ ਐਕਟ ਦੋਸ਼ੀ ਨਾਮਜ਼ਦ ਕਰਕੇ 25 ਮਾਰਚ ਨੂੰ ਗ੍ਰਿਫਤਾਰ ਕੀਤਾ ਗਿਆ।

ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਹੋਈ ਮੀਟਿੰਗ

ਰਾਮਪੁਰਾ ਫੂਲ (ਦਰਸ਼ਨ ਜਿੰਦਲ)- ਹਰ ਮਹੀਨੇ ਦੀ ਤਰ੍ਹਾਂ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਦੀ ਮੀਟਿੰਗ ਹੋਈ, ਜਿਸ ਵਿੱਚ ਪਿਛਲੇ ਦਿਨੀ ਪੱਤਰਕਾਰ ਹੇਮੰਤ ਕੁਮਾਰ ਸ਼ਰਮਾ ਦੀ ਧਰਮਪਤਨੀ ਦੀ ਹੋਈ ਬੇਵਕਤੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਗਿਆ।ਬਲਾਕ ਪ੍ਰਧਾਨ ਡਾਕਟਰ ਨਿਰਮਲ ਸਿੰਘ ਚੌਉਕੇ ਤੇ ਹੋਰ ਡਾਕਟਰ ਸਾਥੀਆਂ ਨੇ ਭੋਗ 'ਤੇ ਹਾਜ਼ਰੀ ਲਵਾਈ।ਇਸ ਤੋਂ ਇਲਾਵਾ ਡਾਕਟਰ ਦਾਰਾ ਖਾਨ ਫੂਲ ਦੇ ਕਿਡਨੈਪ ਹੋਏ ਬੱਚੇ ਨੂੰ ਪੁਲਸ, ਪਿੰਡ ਦੇ ਲੋਕਾਂ ਦੇ ਸਹਿਯੋਗ ਅਤੇ ਸੋਸਲ ਮੀਡੀਆ ਰਾਹੀਂ ਛੇਤੀ ਮਿਲ ਜਾਣ 'ਤੇ ਸਾਰਿਆਂ ਦਾ ਬਹੁਤ ਧੰਨਵਾਦ ਕੀਤਾ ਗਿਆ। ਡਾਕਟਰ ਰਵੇਲ ਸਿੰਘ ਮਹਿਰਾਜ ਨੇ ਡਾਕਟਰ ਸਾਥੀਆਂ ਨੂੰ ਸਾਫ ਸੁਥਰੀ ਪ੍ਰੈਕਟਿਸ ਕਰਨ ਲਈ ਕਿਹਾ। ਸਟੇਟ ਦੀ ਜਥੇਬੰਦੀ ਵੱਲੋਂ ਉਲੀਕੇ ਪਰੋਗਰਾਮ ਅਨੁਸਾਰ ਹਰ ਹਲਕੇ ਦੇ ਐਮ ਐਲ ਏ ਨੂੰ ਮੰਗ ਪੱਤਰ ਦੇਣਾ ਹੈ । ਵੋਟਾਂ ਵੇਲੇ ਕੀਤਾ ਗਿਆ ਵਾਅਦਾ ਯਾਦ ਕਰਾਉਣ ਲਈ ਸਾਡੀਆਂ ਮੰਗਾ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਕਹਿਣਾ ਹੈ।ਡਾਕਟਰ ਰੇਸਮ ਸਿੰਘ ਫੂਲ ਨੇ ਕਿਹਾ ਕਿ ਸਾਨੂੰ ਸਾਡੇ ਸਹੀਦਾਂ ਦੇ ਦੱਸੇ ਰਾਹ 'ਤੇ ਚੱਲਣਾ ਚਾਹੀਦਾ ਹੈ।ਇਸ ਤੋਂ ਇਲਾਵਾ ਡਾਕਟਰ ਜਗਤਾਰ ਸਿੰਘ ਜ਼ਿਲ੍ਹਾ ਪ੍ਰਧਾਨ ਨੇ ਵੀ ਵਿਚਾਰ ਪੇਸ਼ ਕੀਤੇ।ਸਟੇਟ ਬਾਡੀ ਦੀ ਚੋਣ ਕੀਤੀ ਜਾਵੇ।ਡਾਕਟਰ ਦੇਵਰਾਜ ਜਨਰਲ ਸਕੱਤਰ ਨੇ ਸਟੇਜ ਦੀ ਕਾਰਵਾਈ ਸੰਭਾਲੀ।

ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਸਾਥੀ ਡਾਕਟਰਾਂ ਨੇ ਸ਼ਮੂਲੀਅਤ ਕੀਤੀ।ਇਸ ਤੋਂ ਇਲਾਵਾ ਡਾਕਟਰ ਹਰਜਿੰਦਰ ਸਿੰਘ ਭਾਈਰੂਪਾ, ਡਾਕਟਰ ਜਗਵਿੰਦਰ ਮਹਿਰਾਜ, ਡਾ. ਗੁਰਦੀਪ ਭੋਲਾ, ਡਾਕਟਰ ਕੌਰ ਸਿੰਘ ਕੈਸ਼ੀਅਰ, ਡਾ. ਹਰਵਿੰਦਰ ਸਿੰਘ, ਡਾ. ਗੁਰਸੇਵਕ ਸਿੰਘ ਢੱਡੇ, ਡਾ ਭਗਵੰਤ ਸਿੰਘ ਢਪਾਲੀ ਤੇ ਹੋਰ ਸੀਨੀਅਰ ਡਾਕਟਰ ਸਾਥੀ ਹਾਜ਼ਰ ਸਨ।ਅਖੀਰ ਵਿੱਚ ਡਾਕਟਰ ਨਿਰਮਲ ਸਿੰਘ ਬਲਾਕ ਪ੍ਰਧਾਨ ਵੱਲੋਂ ਸਾਥੀਆਂ ਦਾ ਮੀਟਿੰਗ ਵਿੱਚ ਆਉਣ 'ਤੇ ਬਹੁਤ ਬਹੁਤ ਧੰਨਵਾਦ ਕੀਤਾ ਗਿਆ।

ਇਨਕਲਾਬੀ ਕੇਂਦਰ ਪੰਜਾਬ ਵੱਲੋਂ ਕੌਮੀ ਸ਼ਹੀਦਾਂ ਦੀ ਯਾਦ 'ਚ ਇਨਕਲਾਬੀ ਸਮਾਗਮ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ) ਇਨਕਲਾਬੀ ਕੇਂਦਰ ਪੰਜਾਬ ਵੱਲੋਂ 23 ਮਾਰਚ ਦੇ ਕੌਮੀ ਮੁਕਤੀ ਲਹਿਰ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਸਿੰਘ ਦੀ ਯਾਦ ਵਿੱਚ ਇਨਕਲਾਬੀ ਸਮਾਗਮ ਪਿੰਡ ਲਹਿਰਾ ਮੁਹੱਬਤ ਤੇ ਰਾਮਪੁਰਾ ਵਿਖੇ ਕਰਵਾਏ ਗਏ। ਬਲੀਕਰਨ ਧਰਮਸ਼ਾਲਾ 'ਚ ਸਮਾਗਮ ਦੀ ਸ਼ੁਰੂਆਤ ਮੌਕੇ ਇੱਕਠੇ ਹੋਏ ਲੋਕਾਂ ਨੇ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਟੇਜ ਦੀ ਕਾਰਵਾਈ ਇਨਕਲਾਬੀ ਕੇਂਦਰ ਦੇ ਸੂਬਾ ਕਮੇਟੀ ਆਗੂ ਜਗਜੀਤ ਸਿੰਘ ਲਹਿਰਾ ਮੁਹੱਬਤ ਨੇ ਚਲਾਈ।

ਇਕੱਠ ਨੂੰ ਸੰਬੋਧਨ ਕਰਦੇ ਸੂਬਾਈ ਆਗੂ ਮੁਖਤਿਆਰ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ, ਜਗਦੀਸ਼ ਰਾਮਪੁਰਾ ਅਤੇ ਹਰਮੇਸ਼ ਰਾਮਪੁਰਾ ਆਦਿ ਬੁਲਾਰਿਆਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ 'ਇਨਕਲਾਬ ਜ਼ਿੰਦਾਬਾਦ, ਸਾਮਰਾਜ ਮੁਰਦਾਬਾਦ' ਦਾ ਨਾਅਰਾ ਬੁਲੰਦ ਕੀਤਾ ਗਿਆ, ਜਿਸ ਦਾ ਅਰਥ ਦੇਸ਼ ਵਿੱਚੋਂ ਦੇਸ਼ੀ ਵਿਦੇਸ਼ੀ ਲੁੱਟ ਤੇ ਜਬਰ ਖਤਮ ਕਰਨ ਦਾ ਸੀ, ਪਰ ਸੱਤਾ ਬਦਲੀ ਦੇ 77 ਸਾਲਾਂ ਬਾਅਦ ਵੀ ਜਾਇਦਾਦ ਮੁਠੀ ਭਰ ਅੰਡਾਨੀ ਅੰਬਾਨੀ ਵਰਗੇ ਇੱਕ ਫ਼ੀਸਦ ਸਰਮਾਏਦਾਰ ਦੇਸ਼ ਦੀ ਚਾਲੀ ਫ਼ੀਸਦੀ ਜਾਇਦਾਦ ਉਪਰ ਕਾਬਜ ਹਨ। ਦੇਸ਼ ਅੰਦਰ, ਭੁੱਖਮਰੀ, ਬੇਰੁਜ਼ਗਾਰੀ, ਮਹਿੰਗਾਈ ਕਾਰਨ ਕਿਸਾਨ, ਮਜ਼ਦੂਰ, ਨੌਜਵਾਨ, ਕਾਰੋਬਾਰੀ ਖੁਦਕੁਸ਼ੀਆਂ ਕਰ ਰਹੇ ਹਨ। ਕਿਸਾਨਾਂ-ਮਜ਼ਦੂਰਾਂ ਦੀ ਮਿਹਨਤ ਤੇ ਟੈਕਸਾਂ ਨਾਲ ਉਸਾਰੇ ਰੇਲ, ਬੰਦਰਗਾਹਾਂ, ਸਟੀਲ ਪਲਾਂਟ, ਸਕੂਲ, ਹਸਪਤਾਲ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤੇ ਜਾ ਰਹੇ ਹਨ, ਲੋਕਾਂ ਦੀ ਰੋਜ਼ੀ ਰੋਟੀ, ਵਿੱਦਿਆ, ਸਿਹਤ ਸਹੂਲਤਾਂ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤੀਆਂ ਗਈਆਂ ਹਨ। ਇਸ ਦੌਰਾਨ 'ਇਨ੍ਹਾਂ ਜ਼ੁਲਮਾਂ ਦਾ ਕੀ ਕਰੀਏ', 'ਖੁੱਤ ਜਾਗ ਪਿਆ' ਤੇ 'ਪੁੱਤ ਵਰਗਾ ਵੇਚਿਆ ਫੋਰਡ ਟਰੈਕਟਰ' ਆਦਿ ਕੋਰੀਓਗ੍ਰਾਫੀ ਤੇ ਨਾਟਕ ਇਨਕਲਾਬੀ ਨਾਟਕ ਮੰਡਲੀ ਮੰਡੀ ਮੁਲਾਂਪਰ ਦੀ ਟੀਮ ਵੱਲੋਂ ਪੇਸ਼ ਕੀਤੇ ਗਏ। ਹਰਦੀਪ ਮਹਿਣਾ ਤੇ ਮੰਦਰ ਜੱਸੀ ਦੀ ਟੀਮ ਨੇ ਕਵੀਸ਼ਰੀਆਂ ਤੇ ਨਾਹਰ ਸਿੰਘ ਭਾਈਰੂਪਾ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਨਾਲ ਹੀ ਇਨਕਲਾਬ ਜ਼ਿੰਦਾਬਾਦ-ਸਾਮਰਾਜ ਮੁਰਦਾਬਾਦ ਦੇ ਨਾਅਰੇ ਲਾਏ ਗਏ। ਇਸ ਦੌਰਾਨ ਬਲਵੰਤ ਰਾਜ ਤੇ ਚੰਨਣ ਸਿੰਘ ਦੀ ਘਾਲਣਾ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਪਰਵਾਰਾਂ ਨੂੰ ਸਨਮਾਨਤ ਕੀਤਾ ਗਿਆ। ਰਾਮਪੁਰੇ ਪ੍ਰੋਗਰਾਮ 'ਚ ਇਨ੍ਹਾਂ ਹੀ ਪਰਵਾਰਾਂ ਨੇ ਚਾਹ-ਲੰਗਰ ਦਾ ਪ੍ਰਬੰਧ ਕੀਤਾ।

ਕਾਤਰਾਂ

ਹੋਲੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ) - ਮਾਛੀਵਾੜਾ ਦੇ ਵਾਰਡ ਨੰ. 4 ਵਿਚ ਸਾਬਕਾ ਕੌਂਸਲਰ ਸੁਰਿੰਦਰ ਕੁਮਾਰ ਛਿੰਦੀ ਵਲੋਂ ਸਮੂਹ ਮੁਹੱਲਾ ਵਾਸੀਆਂ ਨੂੰ ਨਾਲ ਲੈ ਕੇ ਹੋਲੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸਾਬਕਾ ਕੌਂਸਲਰ ਛਿੰਦੀ ਨੇ ਕਿਹਾ ਕਿ ਇਹ ਤਿਉਹਾਰ ਸਾਨੂੰ ਭਾਈਚਾਰਕ ਸਾਂਝ ਰੱਖਣ ਦਾ ਸੰਦੇਸ਼ ਦਿੰਦਾ ਹੈ। ਇਸ ਮੌਕੇ ਪਰਮਜੀਤ ਨੀਲੋਂ, ਸਵਰਨ ਸਿੰਘ ਸੰਨੀ, ਅਮਨਦੀਪ ਸਿੰਘ ਭੱਠਲ, ਦੀਪਕ ਕੁਮਾਰ ਢੋਲੀ, ਕੁਲਵੰਤ ਕੌਰ ਨੀਲੋਂ, ਜਸਵਿੰਦਰ ਸਿੰਘ ਜੱਸੀ, ਬਲਵੰਤ ਸਿੰਘ, ਅੱਛਰ ਰਾਮ, ਰੋਹਿਤ, ਸੰਨੀ ਕੁਮਾਰ, ਗੁਰਦੀਪ ਸਿੰਘ, ਸੇਵਾ ਸਿੰਘ, ਬਲਜੀਤ ਸਿੰਘ ਬਿੱਲੂ, ਅਸ਼ੋਕ ਕੁਮਾਰ, ਕਮਲਦੀਪ ਚੰਦ, ਮੰਗਤ ਰਾਮ ਮੰਗੀ, ਕਰਨ ਬਾਂਗਲਾ, ਕੁਲਵਿੰਦਰ ਬਾਜਵਾ, ਰਮਨਦੀਪ ਸਿੰਘ, ਮਨਪ੍ਰੀਤ ਸਿੰਘ, ਅਨਮੋਲ, ਰਾਹੁਲ ਕੁਮਾਰ, ਵਿਵੇਕ ਕੁਮਾਰ, ਜਸਦੇਵ ਸਿੰਘ, ਕਰਨ ਮਾਨ ਆਦਿ ਸ਼ਾਮਲ ਸਨ।

ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਵੱਲੋਂ ਨਵੇਂ ਬੈਚ ਦੀ ਸ਼ੁਰੂਆਤ

ਬਾਘਾ ਪੁਰਾਣਾ (ਮਨੀ ਸਿੰਗਲਾ) ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ, ਜੋ ਆਈਲੈਟਸ ਅਤੇ ਪੀਟੀਈ ਦੇ ਖੇਤਰ ਵਿੱਚ ਮੁਹਾਰਤ ਹਾਸਲ ਕਰ ਰਹੀ ਹੈ।ਸੰਸਥਾ ਦੇ ਸਟਾਫ਼ ਨੇ ਸ਼ਹਿਰ ਅਤੇ ਪਿੰਡਾਂ ਵਿੱਚ ਪੜ੍ਹਾਈ ਤੌਰ 'ਤੇ ਵਿਦੇਸ਼ ਜਾਣ ਦੇ ਚਾਹਵਾਨ ਬੱਚਿਆਂ ਦੇ ਮਾਪਿਆਂ ਨਾਲ ਘਰ-ਘਰ ਜਾ ਕੇ ਆਪਣਾ ਤਜਰਬਾ ਸਾਂਝਾ ਕੀਤਾ ਅਤੇ ਆਏ ਹੋਏ ਵਧੀਆ ਨਤੀਜਿਆਂ ਦਾ ਚਾਨਣਾ ਪਾਇਆ।ਇਹ ਵੀ ਦੱਸਿਆ ਕਿ ਇੱਥੇ ਆਈਲੈਟਸ ਤੇ ਪੀਟੀਈ ਦੀ ਤਿਆਰੀ ਆਧੁਨਿਕ ਅਤੇ ਮਾਹਿਰ ਆਧਿਆਪਕਾ ਦੁਆਰਾ ਕਰਾਈ ਜਾਦੀ ਹੈ।ਸੰਸਥਾ ਦੇ ਪ੍ਰਬੰਧਕ ਯਾਦਵਿੰਦਰ ਸਿੰਘ ਬਰਾੜ ਤੇ ਇਕਬਾਲ ਸਿੰਘ ਢਿੱਲੋਂ ਨੇ ਦੱਸਿਆ ਕਿ 1 ਅਪ੍ਰੈਲ ਨੂੰ ਬੱਚਿਆਂ ਦੇ ਨਵੇਂ ਬੈਚ ਆਈਲੈਟਸ ਪੀ ਟੀ ਈ ਤੇ ਸਪੋਕਨ ਇੰਗਲਿਸ਼ ਦੀਆਂ ਕਲਾਸਾਂ ਸ਼ੁਰੂ ਹੋ ਰਹੀਆਂ ਹਨ।

ਪੁਲਸ ਨੇ ਹੋਲੀ ਦਾ ਤਿਉਹਾਰ ਮਨਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)- ਹੋਲੀ ਦਾ ਤਿਉਹਾਰ ਮਾਛੀਵਾੜਾ ਪੁਲਸ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵਲੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪੁਲਸ ਜ਼ਿਲ੍ਹਾ ਖੰਨਾ ਦੇ ਐੱਸ.ਐੱਸ.ਪੀ. ਅਵਨੀਤ ਕੌਂਡਲ ਦੇ ਨਿਰਦੇਸ਼ਾਂ ਤਹਿਤ ਥਾਣਾ ਮੁਖੀ ਭਿਦਰ ਸਿੰਘ ਖੰਗੂੜਾ ਵਲੋਂ ਪੁਲਸ ਥਾਣਾ 'ਚ ਅਤੇ ਨਾਕਿਆਂ 'ਤੇ ਡਿਊਟੀ ਦੇ ਰਹੇ ਕਰਮਚਾਰੀਆਂ ਨੂੰ ਮੌਕੇ 'ਤੇ ਜਾ ਕੇ ਹੋਲੀ ਦੀ ਵਧਾਈ ਦਿੱਤੀ। ਇਸ ਮੌਕੇ ਥਾਣਾ ਮੁਖੀ ਨੇ ਕਰਮਚਾਰੀਆਂ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਹੋਲੀ ਦੌਰਾਨ ਹੁੱਲੜਬਾਜ਼ੀ ਕਰਨ ਵਾਲੇ ਨੌਜਵਾਨਾਂ 'ਤੇ ਵੀ ਸਖ਼ਤੀ ਵਰਤੀ ਅਤੇ ਤਿਉਹਾਰ ਸ਼ਾਂਤਮਈ ਢੰਗ ਨਾਲ ਮਨਾਉਣ ਲਈ ਕਿਹਾ।

ਚੰਦ ਨਵਾਂ ਤੋਂ ਕਈ ਪਰਵਾਰ ਹੋਏ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ

ਬਾਘਾ ਪੁਰਾਣਾ, (ਮਨੀ ਸਿੰਗਲਾ) ਭਾਰਤੀ ਜਨਤਾ ਪਾਰਟੀ ਦੇ ਮੰਡਲ ਪ੍ਰਧਾਨ ਦੀਪਕ ਤਲਵਾੜ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਇਕ ਕਰ ਰਹੇ ਹਨ ਤੇ ਪਿੰਡਾਂ ਵਿਚ ਜਾ ਕੇ ਲੋਕਾਂ ਨਾਲ ਰੋਜ਼ਾਨਾ ਦੀ ਤਰ੍ਹਾਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ ਦਿਨ ਬ ਦਿਨ ਵੱਡੀ ਗਿਣਤੀ ਵਿੱਚ ਪਰਵਾਰਾਂ ਨੂੰ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ ਤੇ ਚੰਦ ਨਵਾਂ ਦੇ ਵੀ ਕਈ ਪਰਵਾਰ ਭਾਜਪਾ 'ਚ ਸ਼ਾਮਲ ਹੋਏ, ਜਿਥੇ ਮੰਡਲ ਪ੍ਰਧਾਨ ਦੀਪਕ ਤਲਵਾੜ ਨੇ ਹੋਏ ਸ਼ਾਮਲ ਪਰਿਵਾਰ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਚਲਾਈਆ ਹੋਈਆ ਸਕੀਮਾਂ ਬਾਰੇ ਜਾਣੂ ਕਰਾਇਆ ਗਿਆ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਫਿਰ ਤੋਂ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਜਾ ਰਹੇ ਹਨ।

'ਆਪ' ਛੱਡ ਅਕਾਲੀ ਦਲ 'ਚ ਸ਼ਾਮਲ ਹੋਏ ਸੈਕੜੇ ਵਰਕਰ

ਸੰਗਰੂਰ, (ਪ੍ਰਵੀਨ ਸਿੰਘ)-ਆਮ ਆਦਮੀ ਪਾਰਟੀ ਨੂੰ ਉਸ ਸਮੇਂ ਜ਼ੋਰਦਾਰ ਝਟਕਾ ਲੱਗਾ। ਕਰਤਾਰਾ ਬਸਤੀ ਸੈਂਕੜੇ ਵਰਕਰ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਤ੍ਰਿਪਤਇੰਦਰ ਸਿੰਘ ਸਾਰੋ ਤੇ ਰਮਨਦੀਪ ਸਿੰਘ ਬਾਵਾ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ।ਅਕਾਲੀ ਦਲ ਵਿੱਚ ਸ਼ਾਮਲ ਹੋਣ ਵਾਲੇ ਵਰਕਰਾਂ ਨੂੰ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਵੱਲੋਂ ਸ਼ਾਮਲ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਸਮੂਹ ਵਰਕਰਾਂ ਨੂੰ ਪਾਰਟੀ ਵਿਚ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ।ਵਿਨਰਜੀਤ ਸਿੰਘ ਗੋਲਡੀ ਨੇ ਕਿਹਾ ਕਿ ਲੋਕਾਂ ਨੂੰ ਇਹ ਅਹਿਸਾਸ ਹੋਣ ਲੱਗ ਪਿਆ ਹੈ ਕਿ ਉਨ੍ਹਾਂ ਨੇ ਪੰਜਾਬ ਵਿੱਚ ਜੋ ਸਰਕਾਰ ਬਣਾਈ ਹੈ, ਉਹ ਬਹੁਤ ਵੱਡੀ ਗਲਤੀ ਕੀਤੀ ਹੈ, ਕਿਉਂਕਿ ਜਦੋਂ ਦੀ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਪੰਜਾਬ ਹਰ ਪੱਖੋਂ ਪਛੜਦਾ ਜਾ ਰਿਹਾ ਹੈ।ਇਸ ਮੌਕੇ ਤਜਿੰਦਰ ਸਿੰਘ ਸੰਘਰੇੜੀ ਜ਼ਿਲ੍ਹਾ ਪ੍ਰਧਾਨ, ਇਕਬਾਲਜੀਤ ਸਿੰਘ ਪੂਨੀਆ, ਜਤਿੰਦਰ ਸਿੰਘ (ਵਿੱਕੀ ਕੋਚ) ਸਰਕਲ ਪ੍ਰਧਾਨ, ਸ਼ੇਰ ਸਿੰਘ, ਪ੍ਰੀਤਮ ਸਿੰਘ ਕਾਂਝਲਾ, ਰਣਜੀਤ ਸਿੰਘ, ਗੁਰਤੇਜ ਸਿੰਘ ਠੇਕੇਦਾਰ, ਬਲਜਿੰਦਰ ਸਿੰਘ, ਜਗਦੀਪ ਸਿੰਘ, ਕਰਮ ਸਿੰਘ ਵੱਲੋਂ ਅਕਾਲੀ ਦਲ ਵਿਚ ਸ਼ਾਮਲ ਹੋਏ ਪਰਮਿੰਦਰ ਸਿੰਘ ਬਾਵਾ, ਹਰਵਿੰਦਰ ਸਿੰਘ ਲਾਡੀ, ਨਵਦੀਪ ਸਿੰਘ ਨੱਤ, ਗੁਰਵਿੰਦਰ ਸਿੰਘ ਸਿਵੀਆ, ਗੁਰਪ੍ਰੀਤ ਸਿੰਘ ਬਾਵਾ, ਗੈਰੀ, ਸਤਵਿੰਦਰ ਸਿੰਘ, ਸੈਂਟੀ, ਰਮਨਦੀਪ ਸਿੰਘ, ਬੰਟੀ ਸੰਧੂ, ਗੁਰਕਮਲ ਸਿੰਘ ਖਹਿਰਾ, ਲਲਿਤ ਕੁਮਾਰ, ਅੰਕਿਤ ਕੁਮਾਰ, ਪ੍ਰਫੁੱਲ ਗਰਗ, ਦਮਨ ਸੰ

28-March-PAGE-8.qxd 3/27/2024 11:23 PM Page 1

ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਵਿਖੇ 4 ਨੂੰ ਹੋਵੇਗਾ ਸ਼ੋਭਾ ਯਾਤਰਾ ਦਾ ਭਰਪੂਰ ਸਵਾਗਤ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ 4 ਅਪ੍ਰੈਲ ਤੋਂ 7 ਅਪ੍ਰੈਲ ਤਕ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਆਦਮਪੁਰ (ਜਲੰਧਰ) ਤੋਂ ਆਰੰਭ ਹੋ ਰਹੀ ਮਹਾਨ ਦਮੜੀ ਸ਼ੋਭਾ ਯਾਤਰਾ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਅੰਮ੍ਰਿਤਕੁੰਡ ਸੱਚਖੰਡ ਖੁਰਾਲਗੜ੍ਹ ਸਾਹਿਬ ਵਿਖੇ 4 ਅਪ੍ਰੈਲ ਨੂੰ ਪਹੁੰਚੇਗੀ, ਜਿਥੇ ਪ੍ਰਬੰਧਕ ਕਮੇਟੀ ਵਲੋਂ ਨਿੱਘਾ ਤੇ ਭਰਪੂਰ ਸਵਾਗਤ ਕੀਤਾ ਜਾਵੇਗਾ। ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ, ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ, ਸੰਤ ਕ੍ਰਿਪਾਲ ਦਾਸ ਭਾਰਟਾ ਗਨੇਸ਼ਪੁਰ ਮੈਂਬਰ ਗੁਰ ਰਵਿਦਾਸ ਸਾਧ ਸੰਪਰਦਾਇ ਸਸਾਇਟੀ (ਰਜਿ.) ਪੰਜਾਬ ਨੇ ਦੱਸਿਆ ਕਿ 4 ਅਪ੍ਰੈਲ ਦਿਨ ਵੀਰਵਾਰ ਸਵੇਰੇ 9 ਵਜੇ ਯਾਤਰਾ ਚੂਹੜਵਾਲੀ ਤੋਂ ਸ਼ਾਨੋ ਸ਼ੌਕਤ ਨਾਲ ਆਰੰਭ ਹੋਵੇਗੀ ਜੋ ਕਿ ਆਦਮਪੁਰ, ਭੋਗਪੁਰ, ਬੁਲੋਵਾਲ, ਹੁਸ਼ਿਆਰਪੁਰ, ਮਾਹਿਲਪੁਰ, ਗੜ੍ਹਸ਼ੰਕਰ ਤੋਂ ਹੋ ਕੇ ਸ਼ਾਮ ਨੂੰ ਇਤਿਹਾਸਕ ਅਸਥਾਨ ਸ੍ਰੀ ਗੁਰੂ ਰਵਿਦਾਸ ਸਦਨ ਤੋਂ ਹੋ ਕੇ ਸੱਚਖੰਡ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚੇਗੀ, ਜਿਥੇ ਰਾਤ ਦੇ ਕੀਰਤਨ ਦੇ ਦੀਵਾਨ ਸਜਾਏ ਜਾਣਗੇ। ਉਨਾਂ ਦੱਸਿਆ ਕਿ 5 ਅਪ੍ਰੈਲ ਸਵੇਰੇ 8 ਵਜੇ ਇਥੋਂ ਸ਼ੋਭਾ ਯਾਤਰਾ ਹਰਿ ਜਸ਼ ਕਰਦੇ ਹੋਏ ਹਰਿਦੁਆਰ ਲਈ ਰਵਾਨਾ ਹੋਵੇਗੀ । ਇਸ ਮੌਕੇ ਸੰਤ ਸੰਤੋਖ ਦਾਸ,ਸੰਤ ਕਰਮ ਚੰਦ ਮੁੱਖ ਕੈਸ਼ੀਅਰ ਗੁਰੂ ਘਰ,ਸੰਤ ਗਿਰਧਾਰੀ ਲਾਲ ਮੁੱਖ ਗ੍ਰੰਥੀ,ਸੰਤ ਦਿਆਲ ਚੰਦ ਬੰਗਾ,ਮਨਜੀਤ ਮਗੋਵਾਲੀ ਕੈਸ਼ੀਅਰ ਆਦਿ ਹਾਜਰ ਸਨ।

ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ 'ਤੇ ਗੋਸ਼ਟੀ ਤੇ ਨਾਟਕ ਖੇਡਿਆ

ਖਰੜ (ਹਰਨਾਮ ਸਿੰਘ ਡੱਲਾ) ਸ਼ਹਦੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਵਲੋਂ ਸ਼ਹੀਦ ਭਗਤ ਸਿੰਘ,ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਗੋਸ਼ਟੀ ਅਤੇ ਨਾਟਕਾਂ ਦਾ ਇੱਕ ਪ੍ਰੋਗਰਾਮ ਕਰਵਾਇਆ ਗਿਆ।ਜਸਵੀਰ ਗਿੱਲ ਦੀ ਨਿਰਦੇਸ਼ਨਾ ਹੇਠ ਅਤੇ ਦਵਿੰਦਰ ਦਮਨ ਦੇ ਲਿਖੇ ਨਾਟਕ 'ਛਿਪਣ ਤੋਂ ਪਹਿਲਾਂ' ਦੀ ਪੇਸ਼ਕਾਰੀ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਜਨ ਹਿੱਤ ਵਿਕਾਸ ਮੰਚ ਖਰੜ ਦੇ ਪ੍ਰਧਾਨ ਰਣਜੀਤ ਸਿੰਘ ਹੰਸ ਨੇ ਕੀਤੀ।ਨਾਟਕ ਦੀ ਪੇਸ਼ਕਾਰੀ ਤੋਂ ਪਹਿਲਾਂ ਸਵਰਨ ਸਿੰਘ ਭੰਗੂ ਅਤੇ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਆਗੂ ਅਮਨਦੀਪ ਨੇ ਆਪਣੇ ਭਾਸ਼ਣਾ ਨਾਲ ਗੋਸ਼ਟੀ ਦੀ ਪ੍ਰਭਾਵਸ਼ਾਲੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਭਗਤ ਸਿੰਘ ਨੇ ਆਪਣੇ ਜੀਵਨ ਦੀ ਆਹੂਤੀ ਜਿਸ ਕਾਰਜ ਲਈ ਦਿੱਤੀ ਸੀ,ਉਸ ਦੀ ਪ੍ਰਾਪਤੀ ਲਈ ਸਾਨੂੰ ਹੋਰ ਲੋਕ ਲਹਿਰਾਂ ਉਸਾਰਨ ਦੀ ਲੋੜ ਹੈ। ਲੋਕਤੰਤਰ ਪੂੰਜੀਪਤੀਆਂ ਦੇ ਹੱਥਾਂ ਵਿੱਚ ਆ ਚੁੱਕਾ ਹੈ ਅਤੇ ਉਹਨਾਂ ਵਲੋਂ ਦੇਸ਼ ਦੇ ਲੋਕਾਂ ਦੀ ਲੁੱਟ ਜਾਰੀ ਹੈ। ਕਿਸਾਨਾਂ ਮਜ਼ਦੂਰਾਂ ਨੂੰ ਮਜਬੂਰਨ ਸੰਘਰਸ਼ ਦਾ ਰਾਹ ਅਪਣਾਉਂਣਾ ਪੈ ਰਿਹਾ ਹੈ।ਸਵਰਨ ਸਿੰਘ ਭੰਗੂ ਨੇ ਕਿ ਮੋਦੀ ਫੁੱਟ ਪਾਓ ਦੀ ਨੀਤੀ ਅਪਣਾ ਕੇ ਨਫ਼ਰਤੀ ਭਾਸ਼ਣ ਅਤੇ ਲੋਕਾਂ ਦੇ ਚੁਣੇ ਨੁਮਾਇੰਦਿਆਂ,ਬੁੱਧੀਜੀਵੀਆਂ,ਲੇਖਕਾਂ ਅਤੇ ਪੱਤਰਕਾਰਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਚੋਣ ਜਿੱਤਣਾ ਚਾਹੁੰਦੇ ਹਨ। ਇਸ ਦੀ ਤਾਜ਼ਾ ਉਧਾਰਨ ਝਾਰਖੰਡ ਅਤੇ ਦਿੱਲੀ ਦੇ ਮੁੱਖ ਮੰਤਰੀਆਂ ਹੇਮੰਤ ਸੁਰੇਨ ਅਤੇ ਅਰਬਿੰਦ ਕੇਜਰੀਵਾਲ ਦੀ ਹੈ। ਵੱਖ ਵੱਖ ਬੁਲਾਰਿਆਂ ਨੇ ਜ਼ੋਰ ਦਿੰਦਿਆਂ ਕਿਹਾ ਕਿ

ਕਾਰਪੋਰੇਟਰਾਂ ਅਤੇ ਵੋਟਿੰਗ ਮਸ਼ੀਨ ਦੀ ਵਰਤੋਂ ਨਾਲ ਸਤਾ ਵਿੱਚ ਆਈ ਮੋਦੀ ਸਰਕਾਰ ਨੂੰ ਚਲਦਾ ਕਰਕੇ ਹੀ ਦੇਸ਼ ਵਿੱਚ ਅਮਨ ਅਤੇ ਭਾਈਚਾਰਕ ਸਾਂਝ ਕਾਇਮ ਕੀਤੀ ਜਾ ਸਕਦੀ ਹੈ।ਅਖੀਰ ਵਿੱਚ ਕਰਨੈਲ ਸਿੰਘ ਜੀਤ ਦੇ ਧੰਨਵਾਦੀ ਭਾਸ਼ਣ ਤੋਂ ਪਹਿਲਾਂ ਪੀ ਪੀ ਸਿੰਘ,ਗੁਰਦੀਪ ਸਿੰਘ ਵੜੈਚ ਅਤੇ ਇੱਕ ਵਿਦਿਆਰਥੀ ਅਰਸ਼ਦੀਪ ਨੇ ਵੀ ਆਪੋ ਆਪਣੇ ਵਿਚਾਰ ਰੱਖੇ। ਗ਼ਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਦੇ ਜਨਰਲ ਸਕੱਤਰ ਸੰਤਵੀਰ ਵਲੋਂ ਮੰਚ ਸੰਚਾਲਨ ਕੀਤਾ ਗਿਆ।

ਅਣਪਛਾਤੇ ਵਾਹਨ ਦੀ ਫੇਟ ਵੱਜਣ ਕਾਰਨ ਵਿਅਕਤੀ ਦੀ ਮੌਤ

ਫਿਲੌਰ (ਨਿਰਮਲ) ਫਿਲੌਰ ਸਿਕਸ ਲੇਨ 'ਤੇ ਪੈਪਸੀ ਨੇੜੇ ਬੀਤੀ ਰਾਤ ਇੱਕ ਮੋਨਾ ਵਿਅਕਤੀ ਉਮਰ 30-32 ਸਾਲ ਜਦੋਂ ਸੜਕ ਪਾਰ ਕਰ ਰਿਹਾ ਸੀ ਤਾਂ ਪਿੱਛੋਂ ਕੋਈ ਅਣਪਛਾਤਾ ਵਾਹਨ ਉਸ ਨੂੰ ਸਾਈਡ ਮਾਰ ਗਿਆ ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ 'ਤੇ ਪੁੱਜੇ ਥਾਣਾ ਫਿਲੌਰ ਦੇ ਏ ਐਸ ਆਈ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੀ ਪਹਿਚਾਣ ਨਹੀਂ ਹੋ ਸਕੀ ਉਮਰ 30-32 ਸਾਲ ਕਲੀਨ ਸ਼ੇਵ ਸਕਾਈ ਬਲਿਊ ਟੀ ਸ਼ਰਟ ਨੀਲੇ ਰੰਗ ਦੀ ਪੈਂਟ ਪਾਈ ਹੋਈ ਸੀ।ਲਾਸ਼ ਸਿਵਲ ਹਸਪਤਾਲ ਫਿਲੌਰ ਵਿਖੇ 24 ਘੰਟੇ ਲਈ ਰੱਖ ਕੇ ਉਸਦੇ ਵਾਰਸਾਂ ਦਾ ਪਤਾ ਲਗਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨੇ ਤਿਰੰਗਾ ਲਹਿਰਾਇਆ

ਨਵਾਂਸ਼ਹਿਰ, (ਮਨੋਜ ਲਾਡੀ) ਨਵੀਂ ਬਣੀ ਕੋਰਟ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਕੰਵਲਜੀਤ ਸਿੰਘ ਬਾਜਵ ਵੱਲੋਂ ਤਿਰੰਗਾ ਲਹਿਰਾਇਆ ਗਿਆ। ਇਸ ਕੋਰਟ ਕੰਪਲੈਕਸ ਵਿੱਚ ਕੰਮ ਚਾਲੂ ਹੋ ਗਿਆ ਹੈ।ਇਸ ਸਮਾਰੋਹ ਵਿੱਚ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਰਨੇਸ਼ ਕੁਮਾਰ, ਪ੍ਰਿੰਸੀਪਲ ਜੱਜ ਫੈਮਲੀ ਕੋਰਟ ਮਨਿਸ਼ਾ ਜੈਨ, ਸਿਵਲ ਜੱਜ (ਸੀਨੀਅਰ ਡਵੀਜ਼ਨ) ਪਰਮਿੰਦਰ ਕੌਰ, ਚੀਫ ਜੁਡੀਸ਼ੀਅਲ ਮੈਜਿਸਟਰੇਟ ਜਗਬੀਰ ਸਿੰਘ ਮੇਹਿਦਰੱਤਾ, ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ) ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਕਮਲਦੀਪ ਸਿੰਘ ਧਾਲੀਵਾਲ, ਕੋਮਪਲੇ ਧੰਜਲ, ਸਿਵਲ ਜੱਜ (ਜੂਨੀਅਰ ਡਵੀਜ਼ਨ) ਐਸ.ਬੀ.ਐਸ. ਨਗਰ ਮੋਨਿਕਾ ਚੌਹਾਨ, ਸਿਵਲ ਜੱਜ (ਜੂਨੀਅਰ ਡਵੀਜ਼ਨ) ਸਰਵੇਸ਼ ਸਿੰਘ, ਵਧੀਕ ਸਿਵਲ ਜੱਜ (ਸੀਨੀਅਰ ਡਵੀਜ਼ਨ) ਸੁਖਵਿੰਦਰ ਸਿੰਘ, ਸਿਵਲ ਜੱਜ (ਜੂਨੀਅਰ ਡਵੀਜ਼ਨ) ਬਲਾਚੌਰ ਪਪਨੀਤ ਅਤੇ ਪ੍ਰਧਾਨ ਬਾਰ ਐਸੋਸੀਏਸ਼ਨ, ਐੱਸ. ਐੱਸ ਝੀਕਾ ਅਤੇ ਸਮੂਹ ਵਕੀਲ ਮੌਜੂਦ ਸਨ।

ਨੌਜਵਾਨਾਂ 'ਚ ਵੋਟਰ ਜਾਗਰੂਕਤਾ ਲਈ ਦਿਲ ਖਿਚਵੇਂ ਸੈਲਫੀ ਪੁਆਇੰਟ ਬਣਾਏ

ਜਲੰਧਰ, (ਸੁਰਿੰਦਰ ਕੁਮਾਰ)- ਅਗਾਮੀ ਲੋਕ ਸਭਾ ਚੋਣ ਦੇ ਮੱਦੇਨਜ਼ਰ ਨੌਜਵਾਨਾਂ ਵਿੱਚ ਵੋਟਰ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਅਤੇ ਜਲੰਧਰ ਲੋਕ ਹਲਕੇ ਵਿੱਚ 70 ਫੀਸਦੀ ਵੋਟਿੰਗ ਦੇ ਟੀਚੇ ਨੂੰ ਪਾਰ ਕਰਨ ਦੇ ਮੰਤਵ ਨਾਲ ਉੱਚ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਵੱਲੋਂ ਦਿਲ ਖਿੱਚਵੇਂ ਸੈਲਫੀ ਪੁਆਇੰਟ ਤਿਆਰ ਕੀਤੇ ਗਏ ਹਨ।ਸਿਸਟਮੈਟਿਕ ਵੋਟਰਜ ਐਜੂਕੇਸਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ (ਸਵੀਪ) ਪ੍ਰੋਗਰਾਮ ਤਹਿਤ ਸ਼ੁਰੂ ਕੀਤੀ ਗਈ ਇਸ ਪਹਿਲਕਦਮੀ ਦਾ ਉਦੇਸ਼ ਨੌਜਵਾਨ ਵੋਟਰਾਂ ਨੂੰ ਉਨ੍ਹਾਂ ਦੇ ਜਮਹੂਰੀ ਅਧਿਕਾਰ ਬਾਰੇ ਜਾਗਰੂਕ ਅਤੇ ਸਿੱਖਿਅਤ ਕਰਨਾ ਹੈ। ਵਿਦਿਆਰਥੀਆਂ ਵੱਲੋਂ ਆਪਣੀ ਰਚਨਾਤਮਕਤਾ ਨਾਲ ਸ਼ਿੰਗਾਰੇ ਗਏ ਇਹ ਸੈਲਫੀ ਪੁਆਇੰਟ ਨਾਗਰਿਕ ਜ਼ਿੰਮੇਵਾਰੀ ਅਤੇ ਚੋਣ ਭਾਗੀਦਾਰੀ ਨੂੰ ਦਰਸਾਉਂਦੇ ਹਨ। ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਇਨ੍ਹਾਂ ਆਕਰਸ਼ਕ ਸਥਾਨਾਂ 'ਤੇ ਸੈਲਫੀ ਲੈਣ ਦੇ ਮੌਕੇ ਦਾ ਭਰਵਾਂ ਸਵਾਗਤ ਕੀਤਾ, ਜਿਸ ਸਦਕਾ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਦੀ ਭਾਵਨਾ ਨੂੰ ਉਤਸ਼ਾਹ ਮਿਲੇਗਾ। ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿੱਚ ਚਲਾਈ ਜਾ ਰਹੀ ਇਸ ਜਾਗਰੂਕਤਾ ਮੁਹਿਮ ਦਾ ਮੰਤਵ ਵੋਟਰਾਂ ਖਾਸ ਕਰ ਨੌਜਵਾਨਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਅਤੇ ਦੇਸ਼ ਦੇ ਲੋਕਤੰਤਰ ਦੀ ਮਜ਼ਬੂਤੀ ਵਿੱਚ ਯੋਗਦਾਨ ਪਾਉਣ ਦੇ ਸਮਰੱਥ ਬਣਾਉਣਾ ਹੈ। ਵਿੱਦਿਅਕ ਸੰਸਥਾਵਾਂ ਆਦਿ ਦੇ ਸਹਿਯੋਗ ਨਾਲ ਜ਼ਿਲ੍ਹਾ ਜਲੰਧਰ ਦਾ ਟੀਚਾ ਆਉਣ ਵਾਲੀਆਂ ਚੋਣਾਂ ਵਿੱਚ ਰਿਕਾਰਡ ਤੋੜ ਵੋਟਿੰਗ ਹਾਸਲ ਕਰਨਾ ਹੈ। ਜ਼ਿਕਰਯੋਗ ਹੈ ਕਿ ਜਲੰਧਰ ਪ੍ਰਸ਼ਾਸਨ ਵੱਲੋਂ ਇਸ ਕਾਰਜ ਨੂੰ ਹੋਰ ਉਤਸ਼ਾਹਿਤ ਕਰਨ ਲਈ ਕਈ ਗਤੀਵਿਧੀਆਂ ਵੀ ਉਲੀਕੀਆਂ ਗਈਆਂ ਹਨ।

ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)- ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਭੋਗਪੁਰ ਜਲੰਧਰ ਵਿਖੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ।ਜਿਸ ਵਿਚ ਨੂੰ ਯਾਦ ਕਰਦੇ ਹੋਏ ਵਿਦਿਆਰਥੀਆਂ ਨੇ ਭਾਸ਼ਣ, ਕਵਿਤਾ, ਵਾਦ-ਵਿਵਾਦ ਪ੍ਰਤੀਜੋਗਿਤਾ ਕਰਵਾਈ ਗਈ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਨਵਦੀਪ ਕੌਰ ਅਤੇ ਚੇਅਰਮੈਨ ਸੁਖਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈ ਕੇ ਜੀਵਨ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿਤੀ।ਇਤਿਹਾਸ ਦੇ ਪੰਨਿਆ ਵਿੱਚੋਂ ਅੱਜ ਦੀ ਖੋਜ ਕਰਨ ਤੇ ਕੱਲ੍ਹ ਸਵਾਰਨ ਬਾਰੇ ਕਿਹਾ।ਇਸ ਮੌਕੇ ਮੈਡਮ ਦਵਿੰਦਰ ਵੱਲੋਂ ਇੱਕ ਕਵਿਤਾ ਪੇਸ਼ ਕੀਤੀ ਗਈ।

ਜੈਜੀ ਬੀ ਖਿਲਾਫ ਮਹਿਲਾ ਕਮਿਸ਼ਨ ਨੂੰ ਦਿੱਤਾ ਮੰਗ ਪੱਤਰ

ਮੋਹਾਲੀ (ਗੁਰਜੀਤ ਬਿੱਲਾ) ਪੰਜਾਬੀ ਗਾਇਕ ਜੈਜੀ ਬੀ ਆਪਣੇ ਨਵੇਂ ਆਏ ਗੀਤ " ਮੜਕ ਸ਼ੌਕੀਨਾਂ ਦੀ ਤੂੰ ਕੀ ਜਾਣਦੀ ਭੇਡੇ' ਨੂੰ ਲੈ ਕੇ ਵਿਵਾਦਾਂ ਦੇ

ਵਿੱਚ ਘਿਰਦੇ ਜਾ ਰਹੇ ਹਨ । ਦੱਸਣਾ ਬਣਦਾ ਹੈ ਕਿ 10 ਮਾਰਚ ਨੂੰ ਰਿਲੀਜ ਹੋਏ ਇਸ ਗੀਤ ਵਿੱਚ ਜੈਜੀ ਬੀ ਨੇ ਔਰਤ ਨੂੰ ' ਭੇਡੇ' ਕਹਿ ਕੇ ਸੰਬੋਧਨ ਕੀਤਾ ਹੈ । ਜਿਸ ਦੇ ਚੱਲਦੇ ਹੋਏ ਜਿੱਥੇ ਕੁਝ ਜਾਗਰੂਕ ਮਹਿਲਾਵਾਂ ਵੱਲੋਂ ਗਾਇਕ ਜੈਜੀ ਬੀ ਦਾ ਵਿਰੋਧ ਕੀਤਾ ਜਾ ਰਿਹਾ ਹੈ ਉੱਥੇ ਹੀ ਕੁਝ ਕਿਸਾਨ ਜਥੇਬੰਦੀਆਂ ਦੇ ਵੱਲੋਂ ਵੀ ਉਸਦਾ ਪੁਤਲਾ ਫੂਕਿਆ ਗਿਆ ਹੈ ।ਮਹਿਲਾਵਾਂ ਦੀ ਭਲਾਈ ਲਈ ਕੰਮ ਕਰਨ ਵਾਲੀ ਸੰਸਥਾ ਦਿਸਾ ਵੋਮੈਨ ਵੈੱਲਫੇਅਰ ਟਰੱਸਟ (ਰਜਿ) ਪੰਜਾਬ ਵੱਲੋਂ ਵੀ ਇਸਦਾ ਵਿਰੋਧ ਕੀਤਾ ਗਿਆ ਹੈ । ਆਪਣਾ ਵਿਰੋਧ ਪ੍ਰਗਟ ਕਰਨ ਦੇ ਲਈ ਸੀਨੀਅਰ ਪੱਤਰਕਾਰ ਅਤੇ ਦਿਸਾ ਟਰੱਸਟ ਦੇ ਪ੍ਰਧਾਨ ਹਰਦੀਪ ਕੌਰ ਦੀ ਅਗਵਾਈ ਹੇਠ ਮਹਿਲਾਵਾਂ ਦੇ ਇੱਕ ਇਕੱਠ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਕੋਲ ਪਹੁੰਚ ਕੇ ਇਸ ਦੀ ਸ਼ਿਕਾਇਤ ਦਰਜ ਕਰਵਾਈ। ਇਸ ਦੌਰਾਨ ਕਮਿਸ਼ਨ ਦੇ ਨਵ ਨਿਯੁਕਤ ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਨੂੰ ਟਰੱਸਟ ਵੱਲੋਂ ਇੱਕ ਮੰਗ ਪੱਤਰ ਦੇ ਕੇ ਗਾਇਕ ਜੈਜੀ ਬੀ ਦੇ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਗਈ । ਇਸ ਦੌਰਾਨ ਪੰਜਾਬ ਰਾਜ ਮਹਿਲਾ ਕਮਿਸਨ ਦੇ ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਵੱਲੋਂ ਟਰੱਸਟ ਨੂੰ ਭਰੋਸਾ ਦਿੱਤਾ ਗਿਆ ਕਿ ਗਾਇਕ ਜੈਜੀ ਬੀ ਨੂੰ ਇਸ ਸਬੰਧੀ ਕਮਿਸ਼ਨ ਵੱਲੋਂ ਨੋਟਿਸ ਭੇਜ ਕੇ ਜਵਾਬ ਤਲਬੀ ਕੀਤੀ ਜਾਵੇਗੀ

ਡੇਰਾ ਈਸਪੁਰ ਵਿਖੇ ਸੰਤ ਮੰਗਲ ਦਾਸ ਦੀ ਬਰਸੀ ਮਨਾਈ

ਬੰਗਾ (ਅਵਤਾਰ ਕਲੇਰ) ਡੇਰਾ 108 ਸੰਤ ਬਸਾਉ ਦਾਸ ਜੀ ਸੱਚਖੰਡ ਦੁੱਧਾਧਾਰੀ ਪਿੰਡ ਈਸਪੁਰ ਵਿਖੇ 108 ਸੰਤ ਮੰਗਲ ਦਾਸ ਦੀ ਤੀਸਰੀ

ਸਾਲਾਨਾ ਬਰਸੀ ਗੱਦੀ ਨਸ਼ੀਨ ਸੰਤ ਹਰਵਿੰਦਰ ਦਾਸ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਵੱਖ ਵੱਖ ਦਰਬਾਰਾਂ ਤੋਂ ਸੰਤ ਜਸਵਿੰਦਰ ਸਿੰਘ ਡਾਂਡੀਆਂ, ਸੰਤ ਕਸ਼ਮੀਰ ਸਿੰਘ ਕੋਟਫਤੂਹੀ , ਸੰਤ ਗੁਰਮੁੱਖ ਦਾਸ, ਸੰਤ ਜਗਤਾਰ ਸਿੰਘ ਨੇਗੀ, ਬਾਬਾ ਪਾਈ ਸ਼ਾਹ ਜੰਡਗੁਰੂ, ਸੰਤ ਅਮਰਜੀਤ ਖੁਰਲਾ ਕੀਂਗਰਾ, ਸੰਤ ਪ੍ਰਕਾਸ਼ ਭੁੱਲਰਾਈ, ਸੰਤ ਤਰਲੋਕ ਦਾਸ ਕਾਲੇਵਾਲ ਭਗਤਾਂ, ਸੰਤ ਸੁਖਵਿੰਦਰ ਸਿੰਘ ਢੱਡੇ, ਸੰਤ ਹਾਕਮ ਦਾਸ ਸੰਧਵਾਂ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਡੇਰੇ ਦੇ ਸ਼ਰਧਾਲੂ ਲੋਈ ਪਰਿਵਾਰ ਯੂ ਕੇ , ਬਿਸ਼ਨ ਦਾਸ ਲੋਈ, ਬਿਮਲਾ ਦੇਵੀ ਲੋਈ, ਬੀਬੀ ਜੀਤੋ ਲੋਈ, ਜਸਵਿੰਦਰ ਕੌਰ ਦਾ ਡੇਰੇ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।ਪਹੁੰਚੇ ਹੋਏ ਮਹਾਂਪੁਰਸ਼ਾਂ, ਮਹਿਮਾਨਾਂ ਅਤੇ ਸੇਵਾਦਾਰਾਂ ਨੂੰ ਗੱਦੀ ਨਸ਼ੀਨ ਸੰਤ ਹਰਵਿੰਦਰ ਦਾਸ ਵੱਲੋਂ ਸਨਮਾਨਿਤ ਕੀਤਾ। ਇਸ ਮੌਕੇ ਸੰਤ ਬੀਬੀ ਪ੍ਰਕਾਸ਼ ਕੌਰ , ਸੰਤ ਹਰਵਿੰਦਰ ਦਾਸ , ਗੀਤਕਾਰ ਸੱਤਪਾਲ ਸਾਹਲੋਂ, ਰਾਜੇਸ਼ ਕੁਮਾਰ ਸਰਪੰਚ, ਪੰਮਾ ਕਲੇਰ, ਗੀਤਕਾਰ ਮਹਿੰਦਰ ਮਹੇੜੂ, ਪਾਲ ਜਲੰਧਰੀ, ਸਰਪੰਚ ਰਜਿੰਦਰ ਵਿਰਦੀ, ਰੋਸ਼ਨ ਲਾਲ ਮਹਿਤਪੁਰ, ਪ੍ਰੀਤ ਬਲਿਹਾਰ, ਅਵਤਾਰ ਸਿੰਘ, ਹਰਨੇਕ ਸਿੰਘ ਨੰਬਰਦਾਰ, ਨਿਰਮਲ ਕੁਮਾਰ ਆਦਿ

28 March-PAGE-9.qxd 3/27/2024 11:22 PM Page 1

'ਭਾਜਪਾ ਹਰਾਓ-ਕਾਰਪੋਰੇਟ-ਭਜਾਓ-ਦੇਸ਼ ਬਚਾਉ' ਮੁਹਿੰਮ ਹੋਰ ਭਖਾਉਣ ਦਾ ਲਿਆ ਨਿਰਣਾ

ਜਲੰਧਰ (ਕੇਸਰ, ਰਾਜੇਸ਼ ਥਾਪਾ)

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੇ ਪਾਰਟੀ ਵਲੋਂ ਆਰੰਭੀ 'ਭਾਜਪਾ ਹਰਾਓ-ਕਾਰਪੋਰੇਟ-ਭਜਾਓ-ਦੇਸ਼ ਬਚਾਉ' ਮੁਹਿੰਮ ਹੋਰ ਭਖਾਉਣ ਦਾ ਨਿਰਣਾ ਲਿਆ ਹੈ। ਭਾਜਪਾ ਅਤੇ ਇਸ ਦੇ ਜੋਟੀਦਾਰਾਂ ਦੀ ਹਾਰ ਯਕੀਨੀ ਬਣਾਉਣ ਲਈ ਸਕੱਤਰੇਤ ਨੇ ਦੇਸ਼ ਪੱਧਰ 'ਤੇ 'ਇੰਡੀਆ' ਗੱਠਜੋੜ ਅਤੇ ਪੰਜਾਬ ਅੰਦਰ ਭਾਜਪਾ ਗਠਜੋੜ ਨੂੰ ਹਰਾਉਣ ਦੇ ਸਮਰੱਥ ਉਮੀਦਵਾਰਾਂ ਦੀ ਡਟਵੀਂ ਹਿਮਾਇਤ ਕਰਨ ਲਈ ਜ਼ੋਰਦਾਰ ਮੁਹਿੰਮ ਵਿੱਢਣ ਦਾ ਫੈਸਲਾ ਕੀਤਾ ਹੈ। ਸੂਬਾ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਸਕੱਤਰੇਤ ਵਲੋਂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦਾ ਜਨਮ ਦਿਹਾੜਾ ਦਲਿਤਾਂ-ਇਸਤਰੀਆਂ ਦੀ ਗੁਲਾਮੀ ਦੇ ਦਸਤਾਵੇਜ਼ 'ਮੰਨੂ ਸਿਮਰਤੀ' ਖਿਲਾਫ਼ ਚੇਤਨਾ ਤੇ ਲਾਮਬੰਦੀ ਤਿੱਖੀ ਕਰਨ ਦੇ ਉਦੇਸ਼ ਤਹਿਤ 'ਸੰਵਿਧਿਨ ਬਚਾਓ, ਲੋਕ ਰਾਜ ਬਚਾਓ' ਦਿਵਸ ਵਜੋਂ ਜਨਤਕ ਮੀਟਿੰਗਾਂ ਕਰਕੇ ਮਨਾਇਆ ਜਾਵੇਗਾ। ਪਹਿਲੀ ਮਈ ਨੂੰ 'ਕੌਮਾਂਤਰੀ ਮਜ਼ਦੂਰ ਦਿਵਸ' ਸਾਮਰਾਜੀ ਤੇ ਕਾਰਪੋਰੇਟੀ ਲੁੱਟ ਤੇ ਦਾਬੇ ਤੋਂ ਮੁਕਤੀ ਹਾਸਲ ਕਰਕੇ ਸਾਂਝੀਵਾਲਤਾ ਵਾਲੇ ਸਮਾਨਤਾਵਾਦੀ ਢਾਂਚੇ ਦੀ ਕਾਇਮੀ ਲਈ ਸੰਕਲਪ ਦਿਹਾੜੇ ਵਜੋਂ ਮਨਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ। ਠੰਸ ਵਿਉਂਤਬੰਦੀ ਕਰਨ ਹਿਤ 3-4 ਅਪ੍ਰੈਲ 2024 ਨੂੰ ਜਲੰਧਰ ਵਿਖੇ ਪਾਰਟੀ ਦੀ ਰਾਜ ਕਮੇਟੀ ਦੀ ਦੋ ਰੋਜ਼ਾ ਮੀਟਿੰਗ ਸੱਦੀ ਗਈ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਹੈ ਕਿ, "ਦੇਸ਼ ਦਾ ਭਲਾ ਲੋਚਦੇ ਬੁੱਧੀਜੀਵੀ ਤੇ ਲੋਕ ਪੱਖੀ ਸੰਸਥਾਵਾਂ ਦੇ ਇਹ ਖਦਸ਼ੇ ਸੌ ਫੀਸਦੀ ਸਹੀ ਹਨ ਕਿ ਜੇ 'ਸਾਮ-ਦਾਮ-ਦੰਡ-ਭੇਦ' ਦੀ ਨੀਤੀ 'ਤੇ ਚਲਦਿਆਂ ਮੋਦੀ ਸਰਕਾਰ ਤੀਜੀ ਵਾਰ ਰਾਜਸੱਤਾ 'ਤੇ ਕਬਜ਼ਾ ਕਰਨ ਵਿਚ ਸਫਲ ਹੋ ਗਈ ਤਾਂ ਦੇਸ਼ ਦਾ ਧਰਮ ਨਿਰਪੱਖ ਤੇ ਲੋਕ ਰਾਜ ਢਾਂਚਾ ਪੂਰੀ ਤਰ੍ਹਾਂ ਤਬਾਹ ਹੋ ਜਾਏਗਾ। ਭਾਜਪਾ ਦੇ ਇਸ਼ਾਰੇ 'ਤੇ ਸਰਕਾਰੀ ਏਜੰਸੀਆਂ ਵਿਰੋਧੀ ਦਲਾਂ ਦੇ ਬੈਂਕ ਖਾਤੇ ਜਾਮ ਕਰਨ ਅਤੇ ਭਾਜਪਾ ਨੂੰ ਸਖਤ ਚੁਣੌਤੀ ਦੇਣ ਦੇ ਕਾਬਲ ਵਿਰੋਧੀ ਨੇਤਾਵਾਂ ਦੀਆਂ ਨਾਜਾਇਜ਼ ਗ੍ਰਿਫਤਾਰੀਆਂ, ਜਿੱਥੇ ਉਕਤ ਖਦਸ਼ਿਆਂ ਦੀ ਪੁਸ਼ਟੀ ਕਰਦੀਆਂ ਹਨ, ਉੱਥੇ ਕਾਇਰਤਾ ਪੂਰਨ ਉਪਰੋਕਤ ਹਰਕਤਾਂ ਤੋਂ ਇਹ ਵੀ ਜਹਿਰ ਹੁੰਦਾ ਹੈ ਕਿ ਸੰਘ-ਭਾਜਪਾ ਚੋਣਾਂ 'ਚ ਆਪਣੀ ਹਾਰ ਸਪਸ਼ਟ ਹਾਰ ਦੇਖਦੇ ਹੋਏ ਕਿੰਨਾ ਭੈਭੀਤ ਹਨ। ਸਾਥੀ ਪਾਸਲਾ ਨੇ ਕਿਹਾ ਕਿ ਭਾਈਚਾਰਕ ਸਾਂਝ ਅਤੇ ਦੇਸ਼ ਦੀ ਭੂਗੋਲਿਕ ਅਖੰਡਤਾ ਲਈ ਸਿਰੇ ਦੇ ਘਾਤਕ ਆਰ.ਐਸ.ਐਸ. ਦੇ ਤਾਨਾਸ਼ਾਹੀ ਵਿਵਸਥਾ ਵਾਲੇ ਧਰਮ ਅਧਾਰਤ ਕੱਟੜ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਏਜੰਡੇ ਨੂੰ ਹਾਰ ਦੇਣ ਲਈ ਲਈ 2024 ਦੀਆਂ ਚੋਣਾਂ 'ਚ ਭਾਜਪਾ ਸਰਕਾਰ ਨੂੰ ਸੱਤਾ ਤੋਂ ਬੇਦਖਲ ਕਰਨਾ ਦੇਸ਼ ਵਾਸੀਆਂ ਦਾ ਸਭ ਤੋਂ ਪਵਿੱਤਰ ਕਾਰਜ ਹੈ। ਉਨ੍ਹਾਂ ਅੱਗੇ ਕਿਹਾ ਕਿ ਸੰਘ-ਭਾਜਪਾ ਵਲੋਂ ਰਾਤ-ਦਿਨੇ ਜੋਰਾਂ-ਸ਼ੋਰਾਂ ਨਾਲ ਪ੍ਰਚਾਰਿਆ ਜਾ ਰਿਹਾ ਅਖੌਤੀ ਹਿੰਦੂ ਰਾਸ਼ਟਰ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਕਿਰਤੀ-ਕਿਸਾਨਾਂ ਤੇ ਹੋਰ ਮਿਹਨਤਕਸ਼ਾਂ ਦੇ ਹੱਕਾਂ-ਹਿਤਾਂ ਦੀ ਬਲੀ ਦੇ ਕੇ ਮੁੱਠੀ ਭਰ ਦੇਸੀ-ਵਿਦੇਸ਼ੀ ਲੋਟੂਆਂ ਦੇ ਵਾਰੇ-ਨਿਆਰੇ ਕਰਨ ਦਾ ਸਿਰਫ ਸਾਧਨ ਮਾਤਰ ਹੈ। ਮੀਟਿੰਗ ਵਲੋਂ ਸੂਬੇ ਦੀ ਭਗਵੰਤ ਮਾਨ ਸਰਕਾਰ ਦੀਆਂ ਮੋਦੀ ਸਰਕਾਰ ਵਾਲੀਆਂ ਹੀ ਲੋਕ ਦੋਖੀ ਨੀਤੀਆਂ, ਰੱਦੀ ਪ੍ਰਸ਼ਾਸਨਿਕ ਕਾਰਗੁਜ਼ਾਰੀ, ਅਪਰਾਧਾਂ ਅਤੇ ਮਾਫੀਆ ਤੰਤਰ ਦੀ ਲੁੱਟ-ਖਸੁੱਟ ਰੋਕਣ ਪੱਖੋਂ ਘੋਰ ਅਸਫਲਤਾ ਖਿਲਾਫ਼ ਘੋਲ ਤੇਜ਼ ਕਰਨ ਦਾ ਐਲਾਨ ਕਰਦਿਆਂ ਸੂਬਾ ਸਰਕਾਰ ਤੋਂ ਆਪਣੇ ਵਾਅਦੇ ਪੂਰੇ ਕਰਨ ਅਤੇ ਜਾਬਰ ਹੱਥਕੰਡੇ ਫੌਰੀ ਤਿਆਗਣ ਦੀ ਮੰਗ ਕੀਤੀ ਗਈ।

ਸਰਕਾਰ ਭਗਵਾਨ ਵਾਲਮੀਕਿ ਦੀ ਜੀਵਨੀ 'ਤੇ ਲੇਖ ਪ੍ਰਕਾਸ਼ਤ ਕਰੇ : ਖੋਸਲਾ

ਕਾਲਾ ਸੰਘਿਆਂ (ਮਨਜੀਤ ਮਾਨ)-ਕਸਬਾ ਬੁਲੋਵਾਲ ਵਿਖੇ ਭਗਵਾਨ ਵਾਲਮੀਕਿ ਸਤਿਕਾਰ ਕਮੇਟੀ (ਭਾਰਤ) ਅਤੇ ਡੈਮੋਕ੍ਰੈਟਿਕ ਭਾਰਤੀਯ ਲੋਕ ਦਲ ਦੇ ਰਾਸ਼ਟਰੀ ਪ੍ਰਧਾਨ ਗੁਰਮੁੱਖ ਸਿੰਘ ਖੋਸਲਾ ਭਗਵਾਨ ਵਾਲਮੀਕਿ ਮੰਦਿਰ ਬੁਲੋਵਾਲ ਵਿਖੇ ਨਤਮਸਤਕ ਹੋਏ। ਖੋਸਲਾ ਨੇ ਆਪ ਪੰਜਾਬ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਹੋਰਨਾਂ ਮਹਾਪੁਰਸ਼ਾਂ ਦੀ ਜੀਵਨੀ 'ਤੇ ਲੇਖ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਾਪੇ ਜਾਂਦੇ ਹਨ ਉਸੇ ਤਰ੍ਹਾਂ ਹੀ ਭਾਰਤੀਯ ਸੰਸਕ੍ਰਿਤੀ ਦੇ ਰਚੇਤਾ ਭਗਵਾਨ ਵਾਲਮੀਕਿ ਜੀ ਦੀ ਜੀਵਨੀ ਤੇ ਲੇਖ ਪੰਜਵੀਂ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਦੇ ਸਿਲੇਬਸ ਵਿਚ ਪ੍ਰਕਾਸ਼ਿਤ ਕੀਤਾ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਭਗਵਾਨ ਵਾਲਮੀਕਿ ਜੀ ਦਾ ਸਰੂਪ ਮੰਦਿਰਾਂ ਦੇ ਨਾਲ ਨਾਲ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਵੀ ਲਗਾਏ ਜਾਣ। ਇਸ ਮੌਕੇ ਭਗਵਾਨ ਵਾਲਮੀਕਿ ਅੰਬੇਡਕਰ ਵੈੱਲਫੇਅਰ ਸੁਸਾਇਟੀ ਰਜਿ: ਬੁਲੋਵਾਲ ਦੇ ਪ੍ਰਧਾਨ ਜਗਤ ਰਾਮ ਜੋਨੀ ਸੈਕਟਰੀ ਸੰਦੀਪ ਸਿੰਘ ਅਤੇ ਸਾਥੀਆਂ ਵੱਲੋਂ ਗੁਰਮੁੱਖ ਸਿੰਘ ਖੋਸਲਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਦੀਪ ਸਿੰਘ ਦੀਪਾ ਸਰਕਲ ਪ੍ਰਧਾਨ ਬੁਲੋਵਾਲ ਡੈਮੋਕ੍ਰੈਟਿਕ ਭਾਰਤੀਯ ਲੋਕ ਦਲ ਅਤੇ ਆਦਿ ਸਾਥੀ ਮੌਜੂਦ ਸਨ।

ਤਰਕਸ਼ੀਲ ਸੁਸਾਇਟੀ ਨੇ ਕੀਤੀ ਪਰਵਾਰਕ ਮਿਲਣੀ

ਬੰਗਾ (ਅਵਤਾਰ ਕਲੇਰ)

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਜੋਨ ਨਵਾਂਸ਼ਹਿਰ ਦੀਆਂ ਸਾਰੀਆਂ ਇਕਾਈਆਂ ਵਲੋਂ ਸ਼ਹੀਦ ਏ ਆਜਮ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਬੰਗਾ ਵਿਖੇ ਸੁਖਵਿੰਦਰ ਗੋਗਾ ਦੇ ਘਰ ਤਰਕਸ਼ੀਲ ਪਰਵਾਰਕ ਮਿਲਣੀ ਕੀਤੀ ਗਈ। ਪਹਿਲਾਂ ਪਿਛਲੇ ਦਿਨੀਂ ਵਿਛੜੇ ਜੁਝਾਰੂ ਸਾਥੀ ਮੁਕੰਦ ਲਾਲ ਅਤੇ 23 ਮਾਰਚ ਦੇ ਸ਼ਹੀਦਾਂ ਨੂੰ ਸਰਧਾਂਜਲੀ ਭੇਂਟ ਕੀਤੀ ਗਈ। ਇਸ ਮੌਕੇ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਤਿਆਗ ਕੇ ਬਦਲਵਾਂ ਤਰਕਸ਼ੀਲ ਸੱਭਿਆਚਾਰ ਕੀ ਹੋਵੇ , ਸੰਸਥਾ 'ਚ ਕੰਮ ਕਰਦਿਆਂ ਸਮਰਪਣ ਦੀ ਭਾਵਨਾ, ਤਰਕਸੀਲ ਪਰਵਾਰਾਂ ਵਿੱਚ ਆਪਸੀ ਤਾਲਮੇਲ ਕਾਇਮ ਰੱਖਣਾ, ਤਰਕਸ਼ੀਲ ਮਿਲਣੀਆਂ ਲਗਾਤਾਰ ਜਾਰੀ ਰੱਖਣੀਆਂ ਆਦਿ ਅਜੰਡਿਆਂ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਵਿਚਾਰ ਪੇਸ਼ ਕਰਦੇ ਹੋਏ ਮੈਡਮ ਬਲਵਿੰਦਰ ਸਲੋਹ, ਸੰਤੋਸ਼ ਖਟਕੜ, ਰੂਬੀ ਬੰਗਾ, ਕਮਲਜੀਤ ਖਟਕੜ,ਸੁਮਨ ਸੂੰਨੀ, ਰਾਜਵਿੰਦਰ ਕੌਰ, ਪਰਮਜੀਤ ਕੌਰ ਨੇ ਕਿਹਾ ਕਿ ਸਾਨੂੰ ਬਹੁਤ ਮਾਣ ਹੈ ਕਿ ਸਾਡੇ ਜੀਵਨ ਸਾਥੀ ਤਰਕਸੀਲ ਵਿਚਾਰਾਂ ਵਾਲੇ ਹਨ ਜਿਹੜੇ ਕਿ ਸਮਾਜ ਵਿੱਚੋਂ ਅੰਧਵਿਸਵਾਸ ਵਹਿਮ ਭਰਮ ਦੂਰ ਕਰਨ ਦਾ ਯਤਨ ਕਰਦੇ ਹਨ। ਉਹਨਾਂ ਕਿਹਾ ਕਿ ਭਾਵੇਂ ਪਹਿਲਾਂ ਅਸੀਂ ਤਰਕਸ਼ੀਲ ਸੁਸਾਇਟੀ ਸੰਬੰਧੀ ਜਾਣਕਾਰੀ ਨਹੀਂ ਰੱਖਦੀਆਂ ਸਾਂ। ਪਰ ਇਹਨਾਂ ਨਾਲ ਜੁੜਨ ਪਿੱਛੋਂ ਸਾਨੂੰ ਹੌਲੀ ਹੌਲੀ ਸਮਝ ਲੱਗ ਗਈ ਕਿ ਜਾਦੂ ਟੂਣੇ ,ਧਾਗੇ ਤਵੀਤ, ਭੂਤਾਂ ਪਰੇਤਾਂ ਕੋਈ ਅਸਲੀਅਤ ਵਿੱਚ ਨਹੀਂ ਹਨ, ਇਹ ਸਭ ਵਹਿਮ ਹਨ। ਮਾਸਟਰ ਰਾਜ ਕੁਮਾਰ,ਮਾ.ਨਰੇਸ਼, ਸੁਖਵਿੰਦਰ ਲੰਗੇਰੀ,ਮਾ.ਪਰਮਜੀਤ ਖਮਾਚੋਂ ,ਮਾ.ਰਾਮ ਪਾਲ ਰਾਹੋਂ ਆਦਿ ਨੇ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਖੁਸ਼ੀ ਗਮੀ ਦੇ ਸਮਾਗਮਾਂ ਮੌਕੇ ਪੁਰਾਣੇ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਛੱਡ ਦੇਣਾ ਚਾਹੀਦਾ ਹੈ। ਜੋਨ ਮੁੱਖੀ ਸੱਤਪਾਲ ਸਲੋਹ, ਸੂਬਾ ਕਮੇਟੀ ਮੈਂਬਰ ਜੋਗਿੰਦਰ ਕੁੱਲੇਵਾਲ, ਮੀਡੀਆ ਮੁਖੀ ਮਾ.ਜਗਦੀਸ ,ਵਿੱਤ ਮੁਖੀ ਸੁਖਵਿੰਦਰ ਗੋਗਾ ਆਦਿ ਆਗੂਆਂ ਨੇ ਕਿਹਾ ਕਿ ਪਰਿਵਾਰਕ ਮਿਲਣੀਆਂ ਨਾਲ ਤਰਕਸੀਲ ਪਰਿਵਾਰਾਂ ਵਿੱਚ ਆਪਸੀ ਤਾਲਮੇਲ ਵਧੇਗਾ, ਵਿਚਾਰਾਂ ਦਾ ਅਦਾਨ ਪ੍ਰਦਾਨ ਹੋਵੇਗਾ, ਪਰਿਵਾਰਿਕ ਮੈਂਬਰਾਂ ਨੂੰ ਸੁਸਾਇਟੀ ਦੇ ਕੰਮ ਕਾਰ ਬਾਰੇ ਜਾਣਕਾਰੀ ਮਿਲੇਗੀ ਅਤੇ ਵਿਚਾਰਧਾਰਿਕ ਤੌਰ 'ਤੇ ਪਰਪੱਕਤਾ ਹੋਵੇਗੀ। ਇਸ ਮੌਕੇ ਮਾ.ਕੁਲਵਿੰਦਰ, ਬਲਜੀਤ ਸਤਨਾਮ,ਬੇਟੀ ਜੈਸਮੀਨ, ਰਾਜਵਿੰਦਰ ਕੌਰ ਦੁਸਾਂਝ, ਹਰਮਨਜੀਤ,ਰਹਿਮਤ, ਮੋਹਨ ਬੀਕਾ, ਬਲਜਿੰਦਰ ਸਵਾਜਪੁਰ, ਹਰਜਿੰਦਰ ਸੂੰਨੀ, ਬਲਜਿੰਦਰ ਤਾਜੋਵਾਲ, ਰਾਜਿੰਦਰ ਕੌਰ, ਗੁਰਬਖਸ਼ ਕੌਰ, ਨਿੰਦਰ ਮਾਈ ਦਿੱਤਾ ਆਦਿ ਹਾਜਰ ਸਨ।

ਸ਼ਹੀਦ-ਏ-ਆਜ਼ਮ ਦਾ ਸੁਪਨਾ ਦੇਸ਼ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਦਾ ਸੀ : ਠਰੋਲੀ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਸ਼ਹੀਦ ਭਗਤ ਸਿੰਘ ਦਾ ਸਪਨਾ ਦੇਸ਼ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਦਾ ਸੀ ਅਤੇ ਉਹਨਾਂ ਨੇ ਇਸ ਸਪਨੇ ਨੂੰ ਪੂਰਾ ਕਰਨ ਲਈ ਸ਼ਹਾਦਤ ਦਾ ਜਾਮ ਪੀਤਾ ।ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਸਮਾਨਤਾ ਵਾਲੇ ਸਮਾਜ ਅਤੇ ਸਿਧਾਂਤਾਂ ਦੇ ਅਧਾਰ 'ਤੇ ਸੀ ਜਿਸ ਤੋਂ ਨੌਜਵਾਨਾਂ ਨੂੰ ਪ੍ਰੇਰਨਾ ਲੈਣ ਦੀ ਲੋੜ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬੇਗਮਪੁਰਾ ਟਾਇਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਨੇ ਕੀਤਾ । ਉਨ੍ਹਾਂ ਕਿਹਾ ਕਿ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਸਾਨੂੰ ਬੇਇਨਸਾਫੀ ਅਤੇ ਜ਼ੁਲਮ ਦੇ ਖਿਲਾਫ ਡੱਟ ਕੇ ਪਹਿਰਾ ਦੇਣ ਲਈ ਪ੍ਰੇਰਦੀ ਰਹੇਗੀ। ਉਨ੍ਹਾਂ ਦੀ ਕੁਰਬਾਨੀ ਨੂੰ ਕੋਈ ਵੀ ਭਾਰਤ ਦਾ ਵਸਨੀਕ ਭੁਲਾ ਨਹੀਂ ਸਕਦਾ। ਇਸ ਕੁਰਬਾਨੀ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ ਅਸੀਂ ਸਾਰੇ ਰਲ ਕੇ ਗਰੀਬੀ ਬੇਰੁਜ਼ਗਾਰੀ ਭ੍ਰਿਸ਼ਟਾਚਾਰੀ ਬੇਇਨਸਾਫੀ ਭਰੂਣ ਹੱਤਿਆ ਅਤੇ ਨਸ਼ਿਆਂ ਵਰਗੀਆਂ ਭੈੜੀਆਂ ਕੁਰੀਤੀਆਂ ਤੋਂ ਦੇਸ਼ ਨੂੰ ਆਜ਼ਾਦ ਕਰਵਾਈਏ।

ਹੋਲੇ-ਮਹੱਲੇ ਮੌਕੇ ਲਗਾਇਆ 3 ਦਿਨਾ ਮੁਫਤ ਮੈਡੀਕਲ ਜਾਂਚ ਕੈਂਪ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਹੋਲੇ-ਮਹੱਲੇ ਦੇ ਪਵਿੱਤਰ ਤਿਉਹਾਰ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਉੜਮੁੜ ਟਾਂਡਾ ਦੀਆਂ ਸੰਗਤਾਂ ਵੱਲੋਂ ਟਾਂਡਾ ਸ੍ਰੀ ਹਰਗੋਬਿੰਦਪੁਰ ਸੜਕ 'ਤੇ ਸ੍ਰੀ ਅਨੰਦਪੁਰ ਸਾਹਿਬ

ਵਿਖੇ ਆਉਣ ਜਾਣ ਵਾਲੀ ਸੰਗਤ ਦੀ ਸੇਵਾ ਸਹੂਲਤ ਵਾਸਤੇ ਲਗਾਇਆ ਗਿਆ। ਤਿੰਨ ਦਿਨਾਂ ਲੰਗਰ ਅਤੇ ਮੁਫਤ ਮੈਡੀਕਲ ਜਾਂਚ ਕੈਂਪ ਸੰਪਨ ਹੋ ਗਿਆ। ਪ੍ਰਵਾਸੀ ਭਾਰਤੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਲਗਾਤਾਰ ਤਿੰਨ ਦਿਨ ਚੱਲੇ ਲੰਗਰ ਦੀ ਸੰਪੂਰਨਤਾਈ ਮੌਕੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਹਰੀ ਸਿੰਘ ਨੇ ਗੁਰੂ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਪ੍ਰਬੰਧਕ ਸੇਵਾਦਾਰ ਨਵਦੀਪ ਸਿੰਘ ਸੰਧਾਵਾਲੀਆ, ਕੁਲਦੀਪ ਸਿੰਘ ਸਿੱਧੂ, ਚਾਚਾ ਕਾਹਨ ਸਿੰਘ, ਠਾਣੇਦਾਰ ਸੋਹਣ ਸਿੰਘ, ਆਤਮਜੀਤ ਸਿੰਘ ਸੋਢੀ, ਅਮਰੀਕ ਸਿੰਘ ਘੋਤੜਾ, ਗੁਰਸਿਮਰਨ ਸਿੰਘ ਸੋਢੀ, ਲਖਵਿੰਦਰ ਸਿੰਘ ਲੱਕੀ ਜਗਤਾਰ ਸਿੰਘ ਨਿੱਕਾ, ਲਵਪ੍ਰੀਤ ਸਿੰਘ, ਦਲਜੀਤ ਸਿੰਘ ,ਗੁਰਪ੍ਰੀਤ ਸਿੰਘ ,ਬਗੀਚਾ ਸਿੰਘ, ਅਮਰਜੀਤ ਸਿੰਘ ਨੇ ਇਹਨਾਂ ਲੰਗਰਾਂ ਵਿੱਚ ਤਨ, ਮਨ ਤੇ ਧਨ ਨਾਲ ਅਣਥੱਕ ਸੇਵਾਵਾਂ ਦੇਣ ਵਾਲੇ ਨੌਜਵਾਨਾਂ, ਬੀਬੀਆਂ 'ਤੇ ਬੱਚਿਆਂ ਦਾ ਧੰਨਵਾਦ ਕੀਤਾ। ਤਿੰਨ ਦਿਨਾਂ ਚਲੇ ਲੰਗਰਾਂ ਮੌਕੇ ਸੰਗਤ ਨੂੰ ਮੁਫਤ ਮੈਡੀਕਲ ਸੇਵਾਵਾਂ ਦੇਣ ਵਾਲੇ ਸੀਤਾ ਦੇਵੀ ਬੇਵਜ ਹਸਪਤਾਲ ਦੇ ਡਾ. ਲਵਪ੍ਰੀਤ ਸਿੰਘ ਪਾਬਲਾ, ਅਮਰਜੀਤ ਸਿੰਘ, ਕਿਰਨ ਬਾਲਾ ਤੇ ਰਜਿੰਦਰ ਸਿੰਘ ਦੀ ਡਾਕਟਰੀ ਟੀਮ ਨੂੰ ਪ੍ਰਬੰਧਕਾਂ ਵੱਲੋਂ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਟਾਂਡਾ-ਸ੍ਰੀ ਹਰਗੋਬਿੰਦਪੁਰ ਸੜਕ ਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਲੰਗਰ ਕਮੇਟੀ ਸਹਿਬਾਜ ਬਾਬਾ ਦੀਪ ਸਿੰਘ ਜੀ ਸ਼ਹੀਦ ਲੰਗਰ ਸਹਿਬਾਜਪੁਰ ਵੱਲੋਂ ਵੀ ਲਗਾਇਆ ਗਿਆ ਤਿੰਨ ਦਿਨ ਲੰਗਰ ਦੀ ਸਮਾਪਤੀ ਮੌਕੇ ਧਾਰਮਿਕ ਸਮਾਗਮ ਕਰਵਾਇਆ ਗਿਆ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਮਰਪਤ ਅੰਡਰ ਹਾਊਸ ਕੁਇਜ਼ ਮੁਕਾਬਲੇ ਕਰਵਾਏ

ਕਾਲਾ ਸੰਘਿਆਂ (ਮਨਜੀਤ ਮਾਨ)

ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਸ਼ੇਖੂਪੁਰ ਕਪੂਰਥਲਾ ਵਿਖੇ ਸ਼ਹੀਦ ਭਗਤ, ਰਾਜਗੁਰੂ ਸੁਖਦੇਵ ਨੂੰ ਸਮਰਪਿਤ ਅੰਡਰ ਹਾਊਸ ਕੁਇਜ ਮੁਕਾਬਲੇ ਸੰਸਥਾ ਦੇ ਪ੍ਰਿੰਸੀਪਲ ਸ੍ਰੀਮਤੀ

ਮਮਤਾ ਬਜਾਜ ਦੀ ਰਹਿਨੁਮਾਈ ਹੇਠ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦੇ ਆਰੰਭ ਵਿੱਚ ਸਿੱਖਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਜੀਵਨ ਅਤੇ ਵਿਚਾਰਾਂ ਤੋਂ ਸਾਨੂੰ

28-MAR-PAGE-10.qxd 3/27/2024 10:29 PM Page 1

ਕੁੱਟਮਾਰ ਦਾ ਸ਼ਿਕਾਰ ਹੋਏ ਨੌਜਵਾਨ ਨੇ ਇਲਾਜ ਦੌਰਾਨ ਤੋੜਿਆ ਦਮ

ਧੂਰੀ, (ਬਿੰਨੀ ਗਰਗ) - ਥਾਣਾ ਸਦਰ ਧੂਰੀ ਦੀ ਪੁਲਸ ਵੱਲੋਂ ਲੰਘੇ ਦਿਨ ਇਕ ਨੌਜਵਾਨ ਨੂੰ ਜਬਰੀ ਘਰੋਂ ਚੁੱਕ ਕੇ ਲਿਜਾਣ ਅਤੇ ਉਸ ਦੀ ਕੁੱਟਮਾਰ ਕਰਕੇ ਗੰਭੀਰ ਜ਼ਖਮੀ ਕਰਨ ਦੇ ਦੋਸ਼ ਹੇਠ ਇਕ ਅਣਪਛਾਤੇ ਸਮੇਤ ਚਾਰ ਵਿਅਕਤੀਆਂ ਖਿਲਾਫ਼ ਇਰਾਦਾ ਕਤਲ ਸਮੇਤ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕੀਤਾ ਗਿਆ ਸੀ ਅਤੇ ਲੰਘੇ ਦਿਨ ਉਕਤ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋਣ ਮਗਰੋਂ ਪੁਲਸ ਵੱਲੋਂ ਦਰਜ ਮੁਕੱਦਮੇ 'ਚ ਆਈ.ਪੀ.ਸੀ ਦੀ ਧਾਰਾ 302 ਦਾ ਵਾਧਾ ਕਰ ਦਿੱਤਾ ਗਿਆ ਹੈ। ਇਸ ਸੰਬੰਧੀ ਮ੍ਰਿਤਕ ਸੁਖਪਾਲ ਸਿੰਘ (20) ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਦੋਹਲਾ ਦੀ ਮਾਤਾ ਸਿੰਦਰਪਾਲ ਕੌਰ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਲੰਘੇ ਸ਼ਨੀਵਾਰ ਨੂੰ ਉਹ ਆਪਣੇ ਪਰਵਾਰ ਸਮੇਤ ਘਰ ਵਿਚ ਸੀ, ਤਾਂ ਰਾਤ ਕਰੀਬ 10 ਵਜੇ ਕੁਝ ਨੌਜਵਾਨ ਮੇਰੇ ਪੁੱਤਰ ਦਾ ਨਾਂ ਲੈ ਕੇ ਗਾਲੀ ਗਲੋਚ ਕਰਦੇ ਹੋਏ ਘਰ ਦੇ ਗੇਟ ਨੂੰ ਧੱਕਾ ਮਾਰ ਕੇ ਘਰ ਅੰਦਰ ਦਾਖਲ ਹੋ ਗਏ ਅਤੇ ਮਾਰ ਦੇਣ ਦੀ ਨੀਅਤ ਨਾਲ ਮੇਰੇ ਪੁੱਤਰ ਦੀ ਲੋਹੇ ਦੀ ਰਾਡ ਨਾਲ ਕੁੱਟਮਾਰ ਕਰਨ ਲੱਗ ਪਏ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਮੇਰੇ ਪੁੱਤਰ ਨੂੰ ਘਸੀਸ ਕੇ ਆਪਣੇ ਮੋਟਰਸਾਈਕਲ 'ਤੇ ਬਿਠਾ ਕੇ ਲੈ ਗਏ। ਜਿਨ੍ਹਾਂ ਨੇ ਬਾਅਦ ਵਿਚ ਦੋਹਲੇ ਵਾਲੇ ਫਾਟਕ ਨੇੜੇ ਮੁੜ ਤੋਂ ਮੇਰੇ ਪੁੱਤਰ ਨਾਲ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਸੁੱਟ ਗਏ। ਉਸ ਨੇ ਬਿਆਨਾਂ 'ਚ ਵਜ੍ਹਾ ਰੰਜਿਸ਼ ਬਾਰੇ ਦੱਸਿਆ ਕਿ ਉਹ ਆਪਣੇ ਪੁੱਤਰ ਨੂੰ ਉਕਤਾਨ ਨਾਲ ਘੁੰਮਣ ਤੋਂ ਰੋਕਦੀ ਸੀ।

ਇਸ ਸੰਬੰਧੀ ਥਾਣਾ ਸਦਰ ਧੂਰੀ ਦੇ ਐਸ.ਐਚ.ਓ ਜਗਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਪੀ.ਜੀ.ਆਈ ਚੰਡੀਗੜ੍ਹ ਤੋਂ ਉਕਤ ਨੌਜਵਾਨ ਦੇ ਦਾਖਲ ਹੋਣ ਸੰਬੰਧੀ ਇਕ ਰੁੱਕਾ ਪ੍ਰਾਪਤ ਹੋਇਆ ਸੀ, ਪ੍ਰੰਤੂ ਉਕਤ ਨੌਜਵਾਨ ਦੇ ਅਨਫਿੱਟ ਹੋਣ ਦੇ ਚੱਲਦਿਆਂ ਉਸ ਦੀ ਮਾਤਾ ਦੇ ਬਿਆਨਾਂ ਦੇ ਆਧਾਰ 'ਤੇ ਐਤਵਾਰ ਨੂੰ ਹੀ ਅਮਨਪ੍ਰੀਤ ਸਿੰਘ ਉਰਫ ਵਿੱਕੀ ਪੁੱਤਰ ਰਾਜਪਾਲ, ਹਰਮਨਜੋਤ ਸਿੰਘ ਉਰਫ ਸੰਧਾ ਪੁੱਤਰ ਬਲਵਿੰਦਰ ਸਿੰਘ, ਇੰਦਰਜੀਤ ਸਿੰਘ ਪੁੱਤਰ ਚਮਕੌਰ ਸਿੰਘ ਵਾਸੀਆਨ ਪਿੰਡ ਦੋਹਲਾ ਤੇ ਇਕ ਹੋਰ ਅਣਪਛਾਤੇ ਵਿਅਕਤੀ ਇਰਾਦਾ ਕਤਲ ਸਮੇਤ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕੀਤਾ ਗਿਆ ਸੀ। ਪ੍ਰੰਤੂ ਸੋਮਵਾਰ ਨੂੰ ਸਵੇਰੇ ਉਕਤ ਨੌਜਵਾਨ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਪੁਲਸ ਵੱਲੋਂ ਮੁਕੱਦਮੇ 'ਚ ਕਤਲ ਦੀ ਧਾਰਾ ਸ਼ਾਮਲ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਦਾ ਪੋਸਟ ਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ ਅਤੇ ਮੁਕੱਦਮੇ 'ਚ ਨਾਮਜ਼ਦ ਤਿੰਨੋਂ ਮੁਲਜ਼ਮਾਂ ਨੂੰ ਪੁਲਸ ਨੇ 24 ਘੰਟਿਆਂ ਤੋਂ ਵੀ ਘੱਟ ਸਮੇਂ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਪੁੱਛ-ਗਿੱਛ ਤੋਂ ਬਾਅਦ ਜੇਕਰ ਕੋਈ ਵੀ ਹੋਰ ਵਿਅਕਤੀ ਇਸ ਘਟਨਾ 'ਚ ਸ਼ਾਮਲ ਪਾਇਆ ਗਿਆ ਤਾਂ ਉਸ ਖਿਲਾਫ ਵੀ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ ਅਤੇ ਪੀੜਤ ਪਰਵਾਰ ਨੂੰ ਇਨਸਾਫ ਦਿਵਾਇਆ ਜਾਵੇਗਾ।

ਹਰਜਸ ਪਬਲਿਕ ਸਕੂਲ ਝੜੌਦੀ ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸ਼ਾਨਦਾਰ ਵਿਦਾਇਗੀ ਪਾਰਟੀ

ਮਾਛੀਵਾੜਾ ਸਾਹਿਬ (ਜਗਦੀਸ ਰਾਏ, ਸ਼ੈਂਕੀ ਸ਼ਰਮਾ)-ਬਲਾਕ ਮਾਛੀਵਾੜਾ ਨਜਦੀਕ ਪਿੰਡ ਝੜੌਦੀ ਵਿਖੇ ਸਿੱਖਿਆ ਦੇ ਖੇਤਰ ਵਿੱਚ ਸਿਕਰੱਢ ਸੰਸਥਾ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਮਤਿਹਾਨਾਂ ਦੀ ਸਮਾਪਤੀ ਤੋਂ ਬਾਅਦ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ। ਪ੍ਰਿੰਸੀਪਲ ਜਸਵਿੰਦਰ ਕੌਰ ਨੇ ਦੱਸਿਆ ਕਿ ਆਮ ਤੌਰ ਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਮਤਿਹਾਨਾਂ ਤੋਂ ਪਹਿਲਾਂ ਹੀ ਵਿਦਾਇਗੀ ਪਾਰਟੀ ਦੇ ਦਿੱਤੀ ਜਾਂਦੀ ਹੈ ਪਰ ਹਰਜਸ ਸਕੂਲ ਦੀ ਮੈਨੇਜਮੈਂਟ ਅਤੇ ਸਮੂਹ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਵੱਖਰੇ ਰੂਪ ਵਿੱਚ ਵਿਦਾਇਗੀ ਪਾਰਟੀ ਦੇਣ ਦਾ ਨਿਰਣਾ ਕੀਤਾ ਗਿਆ ਕਿ ਸਾਰੇ ਇਮਤਿਹਾਨਾਂ ਤੋਂ ਬਾਅਦ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦੇ ਰੂਪ ਵਿੱਚ ਇਸ ਵਾਰ ਕੁਝ ਵੱਖਰਾ ਕਰਕੇ ਦਿੱਤਾ ਜਾਵੇ। ਸਕੂਲ ਅਧਿਆਪਕ ਹਰਮੀਤ ਕੌਰ (ਕਨੇਡਾ) ਨੇ ਵਿਦਿਆਰਥੀਆਂ ਨੂੰ ਬਾਰ੍ਹਵੀਂ ਜਮਾਤ ਕਰਨ ਤੋਂ ਬਾਅਦ ਕਿਹੜੇ ਕਿਹੜੇ ਖੇਤਰ ਵਿੱਚ ਉਨ੍ਹਾਂ ਦੇ ਲਈ ਪੜ੍ਹਾਈ ਅਤੇ ਰੁਜ਼ਗਾਰ ਦੀਆਂ ਕੀ ਕੀ ਸੰਭਾਵਨਾਵਾਂ ਹਨ, ਬਾਰੇ ਕੈਰੀਅਰ ਕੌਂਸਲਿੰਗ ਰਾਹੀਂ ਸਮਝਾਇਆ। ਸਕੂਲ ਪ੍ਰਬੰਧਕ ਪਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਨਵਾਂ ਕੁਝ ਸਿਖਾਉਂਦਿਆਂ ਉਨ੍ਹਾਂ ਨੂੰ ਮਹੱਤਵਪੂਰਨ ਅਤੇ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਮਹੱਤਵਪੂਰਨ ਤੇ ਧਿਆਨਯੋਗ ਗੱਲਾਂ ਰਾਹੀਂ ਸਾਂਝ ਪਾਈ ਅਤੇ ਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਬਾਰ੍ਹਵੀਂ ਜਮਾਤ ਦੇ ਇੰਚਾਰਜ ਵੰਦਨਾ ਪਰਿਹਾਰ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਵਿਦਿਆਰਥੀਆਂ ਨੂੰ ਸਭ ਦੇ ਰੂਬਰੂ ਕੀਤਾ।

ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਰਜਸ ਸਕੂਲ ਵਿੱਚ ਬਿਤਾਏ ਆਪਣੇ ਅਨੁਭਵ ਸਾਂਝੇ ਕੀਤੇ। ਕੋਆਰਡੀਨੇਟਰ ਸਤੀਸ਼ ਕੁਮਾਰ ਨੇ ਹਰਜਸ ਸਕੂਲ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੀ ਹਰ ਸੰਭਵ ਮਦਦ ਕੀਤੇ ਜਾਣ ਦਾ ਭਰੋਸਾ ਦਿਵਾਉਂਦਿਆਂ ਨਿੱਘੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਅਖੀਰ ਵਿੱਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੇ ਇਕੱਠਿਆਂ ਦੁਪਹਿਰ ਦੇ ਖਾਣੇ ਦਾ ਆਨੰਦ ਮਾਣਿਆ।

ਆਮ ਆਦਮੀ ਪਾਰਟੀ ਦੀ ਮੰਡੀ ਬਰੀਵਾਲਾ 'ਚ ਹੋਈ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) ਆਮ ਆਦਮੀ ਪਾਰਟੀ ਦੀ ਮੰਡੀ ਬਰੀਵਾਲਾ ਵਿਖੇ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਖਾਲਸਾ ਦੀ ਅਗਵਾਈ ਦੇ ਵਿੱਚ ਇੱਕ ਹੰਗਾਮੀ ਮੀਟਿੰਗ ਹੋਈ, ਜਿਸ ਵਿੱਚ ਲੋਕ ਸਭਾ ਚੋਣਾਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਮੇਂ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਹਿੱਸਾ ਲਿਆ। ਬਲਾਕ ਪ੍ਰਧਾਨ ਬਲਵਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੋ ਭਾਜਪਾ ਦੀ ਸਰਕਾਰ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਆਮ ਆਦਮੀ ਪਾਰਟੀ ਉਸ ਦੀ ਨਿਖੇਧੀ ਕਰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਇਸ ਸਮੇਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਵਿੱਚ ਆਮ ਆਦਮੀ ਪਾਰਟੀ ਇੱਕਜੁਟ ਹੋ ਕੇ ਚੋਣਾਂ ਲੜੇਗੀ ਤੇ ਹੋਰ ਪਾਰਟੀਆਂ ਨੂੰ ਪੰਜਾਬ ਦੇ ਲੋਕ ਮੂੰਹ ਨਹੀਂ ਲਾਉਣਗੇ, ਕਿਉਂਕਿ ਲਗਾਤਾਰ ਆਮ ਆਦਮੀ ਪਾਰਟੀ ਪੰਜਾਬ ਦੇ ਖੁਸ਼ਹਾਲੀ ਦੇ ਲਈ ਚੰਗੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੋ ਆਮ ਆਦਮੀ ਪਾਰਟੀ ਵੱਲੋਂ ਪਹਿਲਾਂ ਲੋਕਾਂ ਦੇ ਨਾਲ ਵਾਅਦੇ ਕੀਤੇ ਗਏ ਸੀ, ਉਹ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਅਤੇ ਹੁਣ ਲੋਕ ਸਭਾ ਚੋਣਾਂ ਦੇ ਵਿੱਚ ਵੀ ਕੀਤੇ ਵਾਅਦੇ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਗਾਤਾਰ ਪੰਜਾਬ ਨੂੰ ਮੁੜ ਤਰੱਕੀ ਦੀਆਂ ਲੀਹਾਂ 'ਤੇ ਲਿਜਾਣ ਲਈ ਦਿਨ-ਰਾਤ ਮਿਹਨਤ ਕੀਤੀ ਜਾ ਰਹੀ ਹੈ।

ਮਿੱਟੀ ਤੇ ਪਾਣੀ ਦੀ ਸੰਭਾਲ ਸੰਬੰਧੀ ਗੈੱਸਟ ਲੈਕਚਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਸਿੱਖਿਅਕ, ਸਮਾਜਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਏ+ ਗਰੇਡ ਪ੍ਰਾਪਤ ਕਾਲਜ ਹੈ। ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਅਤੇ ਪ੍ਰਿੰਸੀਪਲ ਡਾ. ਸੰਗੀਤਾ ਦੀ ਅਗਵਾਈ ਵਿੱਚ ਲਗਾਤਾਰ ਤਰੱਕੀ ਦੇ ਰਾਹ ਅੱਗੇ ਵਧ ਰਿਹਾ ਹੈ। ਇਸੇ ਲੜੀ ਵਿੱਚ ਕਾਲਜ ਦੇ ਪੋਸਟ-ਗ੍ਰੇਜੂਏਟ ਜੱਲੋਜੀ ਵਿਭਾਗ, ਸਵੱਛ ਭਾਰਤ ਸੈਲ ਅਤੇ ਜ਼ਿਲ੍ਹਾ ਪ੍ਰਸ਼ਾਸਨ ਫਿਰੋਜ਼ਪੁਰ, ਹਰਿਆਵਲ ਪੰਜਾਬ ਟੀਮ ਦੇ ਸਹਿਯੋਗ ਨਾਲ ਵਿਸ਼ਵ ਜਲ ਦਿਵਸ ਮੌਕੇ ਮਿੱਟੀ ਅਤੇ ਪਾਣੀ ਦੀ ਸੰਭਾਲ ਸਬੰਧੀ ਗੈਸਟ ਲੈਕਚਰ ਕੀਤਾ ਗਿਆ। ਇਸ ਮੌਕੇ ਡਾ. ਸਤਿੰਦਰ ਸਿੰਘ, ਪ੍ਰਿੰਸੀਪਲ, ਵਿੱਦਿਅਕ ਵਿਕਾਸ, ਸਿੱਖਿਆ, ਵਾਤਾਵਰਣ ਵਿਕਾਸ ਅਤੇ ਸਥਿਰਤਾ ਦੇ ਖੇਤਰਾਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰ ਪ੍ਰਾਪਤ ਅਤੇ ਸੁਖਦਰਸ਼ਨ ਸਿੰਘ, ਉਪ-ਮੰਡਲ ਭੂਮੀ ਜਲ ਸੰਭਾਲ ਅਫ਼ਸਰ, ਮੋਗਾ ਨੇ ਮੁੱਖ ਬੁਲਾਰੇ ਵਜੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਗੈਸਟ ਲੈਕਚਰ ਵਿੱਚ ਮੁੱਖ ਬੁਲਾਰਿਆਂ ਵੱਲੋਂ ਇਸ ਜਲ ਦਿਵਸ ਮੌਕੇ ਵਿਦਿਆਰਥਣਾਂ ਨੂੰ ਸਿਹਤਮੰਦ ਵਾਤਾਵਰਣ ਅਤੇ ਮਨੁੱਖੀ ਜੀਵਨ ਲਈ ਮਿੱਟੀ ਅਤੇ ਪਾਣੀ ਦੀ ਸੰਭਾਲ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ।ਇਸ ਗੈਸਟ ਲੈਕਚਰ ਰਾਹੀਂ ਵਿਦਿਆਰਥਣਾਂ ਨੂੰ ਮਿੱਟੀ ਦੀ ਕਟੌਤੀ, ਜੰਗਲਾਂ ਦੀ ਕਟਾਈ ਅਤੇ ਮਾੜੇ ਖੇਤੀ ਅਭਿਆਸਾਂ ਕਰਕੇ ਉਪਜਾਊ ਜ਼ਮੀਨਾ 'ਤੇ ਪੈ ਰਹੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ।ਇਸ ਦੇ ਨਾਲ ਇਸ ਪ੍ਰਭਾਵ ਨੂੰ ਘੱਟ ਕਰਨ ਲਈ ਟੇਰੇਸਿੰਗ, ਕੰਟੋਰ ਹਲ ਅਤੇ ਢਕਣ ਵਾਲੀ ਫਸਲ ਬਣਾਉਣ ਵਰਗੀਆਂ ਤਕਨੀਕਾਂ ਨੂੰ ਅਪਣਾਉਣ ਬਾਰੇ ਦੱਸਿਆ।ਇਸ ਤੋਂ ਇਲਾਵਾ ਮੀਂਹ ਦੇ ਪਾਣੀ ਦੀ ਸੰਭਾਲ, ਤੁਪਕਾ ਸਿੰਚਾਈ ਅਤੇ ਵਾਟਰਸ਼ੈੱਡ ਪ੍ਰਬੰਧਨ ਵਰਗੀਆਂ ਕੁਸ਼ਲ ਜਲ ਪ੍ਰਬੰਧਨ ਰਣਨੀਤੀਆਂ ਦੇ ਨਾਲ ਪਾਣੀ ਦੀ ਕਮੀ ਨੂੰ ਘਟਾਉਣ ਅਤੇ ਬਰਬਾਦੀ ਨੂੰ ਘੱਟ ਕਰਨ ਦੀਆਂ ਤਕਨੀਕਾਂ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਸ਼ੋਕ ਬਹਿਲ, ਸੈਕੇਟਰੀ ਰੈਡ ਕਰਾਸ, ਤਰਲੋਚਨ ਚੋਪੜਾ, ਡਾ. ਸੁਨੀਲ ਬਹਿਲ, ਪ੍ਰੋ. ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ ਬਾਂਬਰਿਆ, ਲਖਵਿੰਦਰ ਸਿੰਘ, ਸਵੀਪ ਕੋਆਰਡੀਨੇਟਰ ਦੁਆਰਾ ਵਿਦਿਆਰਥਣਾਂ ਦੇ ਸਹਿਯੋਗ ਨਾਲ ਪੋਸਟਰ ਤਿਆਰ ਕਰਕੇ ਵੋਟ ਪਾਉਣ ਲਈ ਜਾਗਰੂਕਤਾ ਪੈਦਾ ਕੀਤੀ ਗਈ। ਪ੍ਰੋਗਰਾਮ ਦੇ ਸਫਲ ਆਯੋਜਨ 'ਤੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ, ਪ੍ਰੋਗਰਾਮ ਕੋਆਰਡੀਨੇਟਰ ਡਾ. ਮੋਕਸ਼ੀ, ਪੋਸਟ ਗ੍ਰੇਜੂਏਟ ਜੱਲੋਜੀ ਵਿਭਾਗ, ਇੰਚਾਰਜ ਸਵੱਛ ਭਾਰਤ ਸੈਲ ਅਤੇ ਵਿਭਾਗ ਦੇ ਹੋਰਨਾਂ ਅਧਿਆਪਕਾਂ ਨੂੰ ਵਧਾਈ ਦਿੱਤੀ। ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਸ਼ੁੱਭਕਾਮਨਾਵਾਂ ਦਿੱਤੀਆਂ ।

ਐੱਨ ਐੱਸ ਐੱਸ ਕੈਂਪ ਦੌਰਾਨ ਜਾਗਰੂਕਤਾ ਰੈਲੀ ਕੱਢੀ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਦੀ ਅਗਵਾਈ ਹੇਠ ਐੱਨ ਐੱਸ ਐੱਸ ਵਿਭਾਗ ਵੱਲੋਂ ਸਪੈਸ਼ਲ ਸੱਤ ਰੋਜ਼ਾ ਕੈਂਪ ਲਗਾਇਆ ਜਾ ਰਿਹਾ ਹੈ। ਕੈਂਪ ਦੇ ਪੰਜਵੇ ਦਿਨ ਸਵੇਰ ਸਮੇਂ ਵਿਦਿਆਰਥੀਆਂ ਵੱਲੋ ਯੋਗਾ ਕੀਤਾ ਗਿਆ, ਬਾਅਦ 'ਚ ਵਿਦਿਆਰਥੀਆਂ ਵੱਲੋਂ ਨਿਆਲ ਪਿੰਡ ਵਿੱਚ ਨਵੇਂ ਪੌਦੇ ਲਗਾਉਣ ਲਈ 151 ਟੋਏ ਕੱਢੇ ਗਏ। ਪ੍ਰੋਗਰਾਮ ਅਫਸਰ ਪ੍ਰੋ. ਰਮਨਜੀਤ ਕੌਰ ਨੇ ਦੱਸਿਆ ਕਿ ਕੈਂਪ ਦੌਰਾਨ ਵਲੰਟੀਅਰਜ਼ ਨੇ ਕਈ ਪ੍ਰੋਜੈਕਟਾਂ 'ਤੇ ਕੰਮ ਕੀਤਾ ਤੇ ਪੰਜਵੇਂ ਦਿਨ ਨਿਆਲ ਪਿੰਡ ਵਿੱਚ ਵੱਖ ਵੱਖ ਥਾਵਾਂ 'ਤੇ ਜਾ ਕੇ ਰੈਲੀ ਕੱਢੀ । ਜਿਸ ਵਿੱਚ ਸਮਾਜ ਨੂੰ ਸੇਧ ਦੇਣ ਲਈ ਵੱਖ ਵੱਖ ਵਿਸ਼ਿਆਂ ਦੇ ਬੈਨਰਾਂ ਨਾਲ ਨਾਅਰੇ ਲਗਾਏ ਗਏ ।

ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਡਾ. ਬਲਕਾਰ ਸਿੰਘ ਨੇ ਦੱਸਿਆ ਕਿ ਨਸ਼ਿਆਂ ਵਰਗੀ ਬੁਰੀ ਬਿਮਾਰੀ ਤੋਂ ਸਮਾਜ ਨੂੰ ਬਚਾਉਣ ਲਈ ਵਲੰਟੀਅਰਜ਼ ਨੇ ਇਸ ਰੈਲੀ ਦਾ ਆਯੋਜਨ ਕੀਤਾ ਹੈ। ਪ੍ਰੋਗਰਾਮ ਅਫਸਰ ਪ੍ਰੋ. ਮਨਿੰਦਰ ਸਿੰਘ ਨੇ ਦੱਸਿਆ ਕਿ ਅੱਜ ਵਾਤਾਵਰਣ ਨੂੰ ਬਚਾਉਣ ਲਈ ਜਿੱਥੇ ਬੂਟੇ ਲਗਾਉਣ ਲਈ ਅਭਿਆਨ ਸ਼ੁਰੂ ਕੀਤਾ ਗਿਆ ਹੈ ਉੱਥੇ ਹੀ ਲੋਕਾਂ ਨੂੰ ਵਾਤਵਰਣ ਪ੍ਰਤੀ ਜਾਗਰੂਕ ਕਰਨ ਲਈ ਨਿਆਲ ਪਿੰਡ ਵਿੱਚ ਰੈਲੀ ਕੱਢੀ ਗਈ । ਇਸ ਪ੍ਰੋਗਰਾਮ ਦੇ ਅੰਤ 'ਤੇ ਵਿਦਿਆਰਥੀਆਂ ਹੋਲੀ ਦੇ ਤਿਓਹਾਰ 'ਤੇ ਇਕ ਦੂਜੇ ਦੇ ਰੰਗ ਲਗਾ ਕੇ ਹੋਲੀ ਖੇਡੀ।

11ਵਾਂ ਦਸਤਾਰ ਚੇਤਨਾ ਮਾਰਚ 7 ਨੂੰ

ਮੋਗਾ, (ਇਕਬਾਲ ਸਿੰਘ ਖਹਿਰਾ)- ਦਸਤਾਰ ਚੇਤਨਾ ਮਾਰਚ ਕਮੇਟੀ ਮੋਗਾ ਵੱਲੋਂ ਹਰ ਸਾਲ ਦੀ ਤਰ੍ਹਾਂ ਦਸਤਾਰ ਦੀ ਮਹਾਨਤਾ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਤ 11ਵਾਂ ਦਸਤਾਰ ਚੇਤਨਾ ਮਾਰਚ 7 ਅਪ੍ਰੈਲ ਨੂੰ ਮੋਗਾ ਸ਼ਹਿਰ ਵਿੱਚ ਗੁਰਦੁਆਰਾ ਨਾਮਦੇਵ ਭਵਨ ਤੋਂ ਆਰੰਭ ਹੋ ਕੇ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਨਗਰਾਂ ਦੀ ਪ੍ਰਕਰਮਾ ਕਰਦਿਆਂ ਹੋਇਆਂ ਐਵਰਗਰੀਨ ਪਾਰਕ ਗੋਧੇਵਾਲਾ ਵਿਖੇ ਪਹੁੰਚੇਗਾ। ਪਾਰਕ 'ਚ ਧਾਰਮਿਕ ਨਾਟਕ, ਗਤਕਾ ਪ੍ਰਦਰਸ਼ਨ ਤੇ ਸਿੱਖ ਇਤਿਹਾਸ ਦੀਆਂ ਝਾਕੀਆਂ

28-March-PAGE-11-Majha-24.qxd 3/27/2024 10:41 PM Page 1

ਪੁਲਸ ਦੀ ਢਿੱਲੀ ਕਾਰਗੁਜ਼ਾਰੀ ਖਿਲਾਫ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਡੇਰਾ ਬਾਬਾ ਨਾਨਕ ਦੀ ਮੀਟਿੰਗ ਜ਼ਿਲਾ ਪ੍ਰਧਾਨ ਲਖਵਿੰਦਰ ਸਿੰਘ ਮੰਜਿਆਂਵਾਲੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜ਼ਿਲਾ ਜਨਰਲ ਸਕੱਤਰ ਦਲਜੀਤ ਸਿੰਘ ਚਿਤੌੜਗੜ੍ਹ ਨੇ ਕਿਹਾ ਕਿ ਪਿਛਲੇ ਸਮੇਂ ਦੇ ਦੌਰਾਨ ਕਿਸਾਨਾਂ ਦੀਆਂ ਮੋਟਰਾਂ ਚੋਰੀ ਹੋਈਆਂ ਸਨ ਜੋ ਕਿ ਕਿਸਾਨਾਂ ਨੇ ਚੋਰਾਂ ਨੂੰ ਪੁਲਸ ਹਵਾਲੇ ਕੀਤਾ ਸੀ ਅਤੇ ਪੁਲਸ ਨੇ ਕੁਝ ਚੋਰਾਂ ਦੇ ਖਿਲਾਫ ਮਾਮਲਾ ਦਰਜ ਕੀਤਾ।

ਪੁਲਸ ਨੇ ਇੱਕ ਚੋਰ ਨੂੰ ਗ੍ਰਿਫਤਾਰ ਕੀਤਾ ਅਤੇ ਉਸ ਤੋਂ ਬਾਅਦ ਬਾਕੀ ਚੋਰਾਂ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਨਾ ਹੀ ਚੋਰੀ ਦਾ ਮਾਲ ਖਰੀਦਣ ਵਾਲੇ 'ਤੇ ਕੋਈ ਕਾਰਵਾਈ ਕੀਤੀ? ਅੱਜ ਦੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਬਾਕੀ ਰਹਿੰਦੇ ਚੋਰਾਂ ਦੇ ਕਾਰਵਾਈ ਕਰਵਾਉਣ ਲਈ ਅਤੇ ਕਿਸਾਨਾਂ ਦੀਆਂ ਚੋਰੀ ਹੋਈਆਂ ਮੋਟਰਾਂ ਵਾਪਸ ਕਰਵਾਉਣ ਲਈ 29 ਮਾਰਚ ਨੂੰ ਥਾਣਾ ਡੇਰਾ ਬਾਬਾ ਨਾਨਕ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ। ਅੱਜ ਦੀ ਮੀਟਿੰਗ ਵਿੱਚ ਬਲਾਕ ਪ੍ਰਧਾਨ ਗੁਰਬਚਨ ਸਿੰਘ ਖੋਦੇ ਬੇਟ, ਬਲਾਕ ਸਕੱਤਰ ਰੁਪਿੰਦਰਜੀਤ ਸਿੰਘ ਮਾਲੇਵਾਲ, ਸੀਨੀਅਰ ਮੀਤ ਪ੍ਰਧਾਨ ਜਗਮੀਤ ਸਿੰਘ ਕਠਿਆਲਾ, ਜ਼ਿਲਾ ਕਮੇਟੀ ਮੈਂਬਰ ਸਿਮਰਨਜੋਤ ਸਿੰਘ ਮਲੋਵਾਲੀ, ਹਰਜਿੰਦਰ ਸਿੰਘ ਲਾਲ ਵਾਲਾ, ਨਿਰਮਲ ਸਿੰਘ ਕਠਿਆਲਾ, ਹਰਜਿੰਦਰ ਸਿੰਘ ਮੰਜਿਆਂਵਾਲੀ, ਗੁਰਨਾਮ ਸਿੰਘ ਮਾਲੇਵਾਲ, ਗੁਰਪ੍ਰੀਤ ਸਿੰਘ ਮਾਲੇਵਾਲ, ਉੱਤਮ ਸਿੰਘ ਕਠਿਆਲਾ, ਸਰਬਜੀਤ ਸਿੰਘ ਨਿਕੋਸਰਾਂ, ਗੁਰਪ੍ਰੀਤ ਸਿੰਘ ਰਾਂਝਾ ਮੂਲੋ ਵਾਲੀ ਆਦਿ ਕਿਸਾਨ ਆਗੂ ਹਾਜ਼ਰ ਸਨ।

ਪੁਲਸ ਤੇ ਐਕਸਾਈਜ਼ ਵਿਭਾਗ ਵੱਲੋਂ ਕਸਬਾ ਮਜੀਠਾ 'ਚ ਫਲੈਗ ਮਾਰਚ

* ਲੋਕਾਂ ਨੂੰ ਮੌਤਾਂ ਦਾ ਕਾਰਨ ਬਣ ਰਹੀ ਕੱਚੀ ਸ਼ਰਾਬ ਦੇ ਨੁਕਸਾਨ ਬਾਰੇ ਦਿੱਤੀ ਜਾਣਕਾਰੀ

ਮਜੀਠਾ (ਸੋਇਮ ਆਨੰਦ)-ਕੱਚੀ ਰੂੜੀ ਮਾਰਕਾ ਮਾੜੀ ਸ਼ਰਾਬ ਦੇ ਪ੍ਰਭਾਵਾਂ ਤੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਐੱਸਐੱਚਓ ਮਜੀਠਾ ਲਖਵਿੰਦਰ ਸਿੰਘ, ਈਟੀਓ ਇੰਦਰਬੀਰ ਸਿੰਘ ਰੰਧਾਵਾ ਤੇ ਐਕਸਾਈਜ਼ ਇੰਸਪੈਕਟਰ ਜਤਿੰਦਰ ਸਿੰਘ ਦੀ ਸਾਂਝੀ ਅਗਵਾਈ ਵਿੱਚ ਕਸਬਾ ਮਜੀਠਾ ਵਿੱਚ ਫਲੈਗ ਮਾਰਚ ਕੀਤਾ ਗਿਆ।

ਕੈਮਲੀਕਲ ਨਾਲ ਬਣੀ ਸ਼ਰਾਬ ਪੀਣ ਨਾਲ ਸੰਗਰੂਰ ਜ਼ਿਲੇ ਵਿੱਚ ਬੀਤੇ ਦਿਨੀਂ ਹੋਈਆਂ ਮੌਤਾ ਕਾਰਨ ਕੀਤੇ ਗਏ। ਇਸ ਫਲੈਗ ਮਾਰਚ ਵਿੱਚ ਰੂੜੀ ਮਾਰਕਾ ਘਰ ਦੀ ਬਣੀ ਸ਼ਰਾਬ ਤੇ ਨਕਲੀ ਸ਼ਰਾਬ ਨਾਲ ਹੋਣ ਵਾਲੇ ਜਾਨੀ ਨੁਕਸਾਨ ਬਾਰੇ ਮੁਨਿਆਦੀ ਵੀ ਕੀਤੀ ਗਈ। ਈਟੀਓ ਇੰਦਰਬੀਰ ਸਿੰਘ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਕੱਚੀ ਰੂੜੀ ਮਾਰਕਾ ਘਰ ਦੀ ਕੱਢੀ ਹੋਈ ਸ਼ਰਾਬ ਦੀ ਕੋਈ ਵੀ ਵਾਜਿਬ ਡਿਗਰੀ ਨਾ ਹੋਣ ਕਰਕੇ ਇਹ ਸ਼ਰਾਬ ਜ਼ਹਿਰੀਲੀ ਹੁੰਦੀ ਹੈ ਜੋ ਕਿ ਸਿਹਤ ਤੇ ਮਾੜਾ ਪ੍ਰਭਾਵ ਪਾਉਂਦੀ ਹੈ, ਖਾਸ ਕਰਕੇ ਸਪਿਰਟ, ਅਲਕੋਹਲ, ਨਹੁੰ ਪਾਲਸ਼ 'ਚ ਵਰਤਿਆ ਜਾਣ ਵਾਲਾ ਮਿਥਾਇਲ, ਅਲਕੋਹਲ ਤੇ ਹੋਰ ਸਬੰਧਤ ਕੈਮੀਕਲ ਦੀ ਵਰਤੋਂ ਕਰਕੇ ਬਣਾਈ ਜਾਂਦੀ ਸ਼ਰਾਬ ਜੋ ਸਸਤੀ ਹੋਣ ਕਰਕੇ ਲੋਕ ਪੀ ਲੈਂਦੇ ਹਨ, ਜਿਸ ਨਾਲ ਵਿਅਕਤੀ ਦੀ ਨਿਗ੍ਹਾ ਤੇ ਲੀਵਰ ਖਤਮ ਹੋ ਜਾਂਦਾ ਹੈ। ਇਥੋਂ ਤੱਕ ਕਿ ਅਜਿਹੀ ਸ਼ਰਾਬ ਪੀਣ ਨਾਲ ਮੌਤ ਵੀ ਹੋ ਸਕਦੀ ਹੈ।ਉਨ੍ਹਾ ਲੋਕਾਂ ਨੂੰ ਅਜਿਹੀ ਸ਼ਰਾਬ ਨਾ ਪੀਣ ਦੀ ਅਪੀਲ ਕਰਦਿਆਂ ਕਿਹਾ ਕਿ ਅਜਿਹੀ ਸ਼ਰਾਬ ਦਾ ਧੰਦਾ ਕਰਨ ਵਾਲੇ ਵਿਅਕਤੀਆਂ ਦੀ ਪੁਲਸ ਨੂੰ ਇਤਲਾਹ ਦਿੱਤੀ ਜਾਵੇ ਤਾਂ ਜੋ ਹੋ ਰਹੇ ਜਾਨੀ ਨੁਕਸਾਨ ਨੂੰ ਰੋਕਿਆ ਜਾ ਸਕੇ।

ਇਸ ਮੌਕੇ ਉਕਤ ਤੋਂ ਇਲਾਵਾ ਸਬ ਇਸਪੈਕਟਰ ਮਨੋਹਰ ਸਿੰਘ, ਏਐੱਸਆਈ ਦਿਲਬਾਗ ਸਿੰਘ ਜਿਜੇਆਣੀ, ਏਐੱਸਆਈ ਬਲਦੇਵ ਰਾਜ, ਏਐੱਸਆਈ ਬਿਕਰਮ ਸਿੰਘ, ਏਐੱਸਆਈ ਧਰਮ ਸਿੰਘ, ਜਸਪਾਲ ਸਿੰਘ, ਪਲਵਿੰਦਰ ਸਿੰਘ, ਮਨਜਿੰਦਰ ਸਿੰਘ, ਗੁਰਸੇਵਕ ਸਿੰਘ ਤੇ ਹੋਰ ਵੀ ਪੁਲਸ ਤੇ ਐਕਸਾਈਜ਼ ਮੁਲਾਜ਼ਮ ਸ਼ਾਮਲ ਸਨ।

ਮੰਡੀਆਂ 'ਚ ਫ਼ਸਲ ਦੀ ਖ਼ਰੀਦੋ-ਫਰੋਖਤ ਲਈ ਕੋਈ ਸਰਕਾਰੀ ਪ੍ਰਬੰਧ ਨਹੀਂ, ਕਿਸਾਨ/ਆੜ੍ਹਤੀਏ ਦੁਚਿੱਤੀ 'ਚ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਅੰਦਰ ਕਣਕ ਦੀ ਸਰਕਾਰੀ ਖ਼ਰੀਦ ਜਲਦ ਹੀ ਕੁਝ ਦਿਨਾਂ ਬਾਅਦ ਸ਼ੁਰੂ ਹੋਣ ਵਾਲੀ ਹੈ। ਪੰਜਾਬ ਸਰਕਾਰ ਵੱਲੋਂ ਕਣਕ ਦੀ ਫ਼ਸਲ ਖ਼ਰੀਦੋ ਫਰੋਖਤ ਲਈ ਅਜੇ ਤੱਕ ਕੋਈ ਸਰਕਾਰੀ ਤੌਰ 'ਤੇ ਕੋਈ ਵੀ ਮਿਤੀ ਨਿਸ਼ਚਿਤ ਨਹੀਂ ਕੀਤੀ ਗਈ ਜਿਸ ਨਾਲ ਆੜ੍ਹਤੀ ਅਤੇ ਕਿਸਾਨ ਦੁਚਿੱਤੀ ਵਿਚ ਨਜ਼ਰ ਆ ਰਹੇ ਹਨ ਜਦੋਂਕਿ ਇਹੋ ਜਿਹੀਆਂ ਤਿੱਖੜ ਧੁੱਪਾਂ ਪੈਣੀਆਂ ਸ਼ੁਰੂ ਹੋ ਗਈਆਂ ਤਾਂ ਢਿੱਬਿਆਂ ਵਾਲੀਆਂ ਪੱਕੀਆਂ ਕਣਕਾਂ ਮੰਡੀਆਂ ਵਿਚ ਆਉਣੀਆਂ ਸ਼ੁਰੂ ਹ�ो ਜਾਣਗੀਆਂ।

ਕਣਕ ਦੀ ਖ਼ਰੀਦ ਸਬੰਧੀ ਜਦ ਪੁਰਾਣਾ ਸ਼ਾਲਾ ਦਾਣਾ ਮੰਡੀ ਦੇ ਇਸ ਪੱਤਰਕਾਰ ਵੱਲੋਂ ਵੱਖ-ਵੱਖ ਗੇਹਤਪੋਖਰ, ਸਾਹੋਵਾਲ, ਗੁਨੋਪੁਰ, ਚਾਵਾ, ਸਿੰਧਵਾਂ ਮੰਡੀਆਂ ਦਾ ਦੌਰਾ ਕੀਤਾ ਗਿਆ ਤਾਂ ਉਥੇ ਮੰਡੀ ਵਿਚ ਕਿਸੇ ਕਿਸਮ ਦਾ ਸਰਕਾਰੀ ਪ੍ਰਬੰਧ ਨਹੀਂ ਸੀ। ਦਾਣਾ ਮੰਡੀ ਦੀ ਗਰਾਊਂਡ ਵਿਚ ਵੱਡੀ ਮਾਤਰਾ ਵਿਚ ਜੜੀ ਬੂਟੀ ਉੱਗੀ ਪਈ ਹੈ ਜਿਸ ਦੀ ਸਾਫ਼-ਸਫ਼ਾਈ ਦਾ ਪ੍ਰਬੰਧ ਵੀ ਮਾਰਕੀਟ ਕਮੇਟੀ ਵੱਲੋਂ ਨਹੀਂ ਕੀਤਾ ਜਾ ਰਿਹਾ।

ਜ਼ਿਕਰਯੋਗ ਹੈ ਕਿ ਮੰਡੀ ਵਿਚ ਫ਼ਸਲ ਦੀ ਖ਼ਰੀਦ ਵੇਲੇ ਕਿਸਾਨਾਂ ਲਈ ਪੀਣ ਵਾਲੇ ਪਾਣੀ, ਬਿਜਲੀ, ਬੈਠਣ ਦੀ ਵਿਵਸਥਾ, ਵਾਸ਼ਰੂਮ, ਆਰਾਮ ਕਰਨ ਲਈ ਸ਼ੈੱਡ ਅਤੇ ਹੋਰ ਕਈ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ ਹੁੰਦੀਆਂ ਹਨ ਜੋ ਅਚਾਨਕ ਇਕ, ਦੋ ਦਿਨਾਂ ਅੰਦਰ ਪੂਰੀਆਂ ਕਰਨੀਆਂ ਮੁਸ਼ਕਿਲ ਹੁੰਦੀਆਂ ਹਨ।

ਜਦੋਂ ਇਸ ਮਾਮਲੇ ਸਬੰਧੀ ਚੇਅਰਮੈਨ ਮਾਰਕੀਟ ਕਮੇਟੀ ਕਾਹਨੂੰਵਾਨ ਜਸਪਾਲ ਸਿੰਘ ਅਤੇ ਸੈਕਟਰੀ ਜਗਰੂਪ ਸਿੰਘ ਸੈਣੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਪਹਿਲੀ ਅਪ੍ਰੈਲ ਤੱਕ ਮੰਡੀਆਂ ਵਿਚ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣਗੇ ਅਤੇ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਕਿਸਮ ਦੀ ਕੋਈ ਵੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਕਿਸਾਨਾਂ ਦਾ ਇਕ-ਇਕ ਦਾਣਾ ਖ਼ਰੀਦ ਕੀਤਾ ਜਾਵੇਗਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਨਵਾਂ ਵਿੱਦਿਅਕ ਸੈਸ਼ਨ ਸ਼ੁਰੂ

ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਨਵੇਂ ਸੈਸ਼ਨ ਦੀ ਆਰੰਭਤਾ ਸੁਖਮਨੀ ਸਾਹਿਬ ਦਾ ਪਾਠ ਅਤੇ ਅਰਦਾਸ ਨਾਲ ਕੀਤੀ ਗਈ।

ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਵੱਲੋਂ ਮਿਲ ਕੇ ਸੰਗਤੀ ਰੂਪ ਵਿੱਚ ਸੁਖਮਨੀ ਸਾਹਿਬ ਦਾ ਪਾਠ ਅਤੇ ਕੀਰਤਨ ਕੀਤਾ ਗਿਆ, ਅਨੰਦ ਸਾਹਿਬ ਦੀਆਂ ਪੰਜ ਪੌੜੀਆਂ ਦਾ ਪਾਠ ਕਰਨ ਉਪਰੰਤ ਸਕੂਲ ਦੀ ਚੜ੍ਹਦੀ ਕਲਾ ਅਤੇ ਬੱਚਿਆਂ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖਣ, ਉੱਚੀਆਂ ਪੁਲਾਂਘਾਂ ਪੁੱਟਣ ਅਤੇ ਬਲ-ਬੁੱਧੀ ਬਖਸ਼ਣ ਲਈ ਅਰਦਾਸ ਕੀਤੀ ਗਈ।ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਸਰਦਾਰ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ, ਰਮਣੀਕ ਸਿੰਘ ਫਰੀਡਮ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਵੱਲੋਂ ਬੱਚਿਆਂ ਨੂੰ ਨਵੇਂ ਸੈਸ਼ਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

ਡਾਕਖ਼ਾਨਾ ਚੌਕ 'ਚ ਅਕਸਰ ਬੱਸਾਂ ਖੜ੍ਹੀਆਂ ਰਹਿਣ ਕਰਕੇ ਹਾਦਸੇ ਵਾਪਰਨ ਦਾ ਖਦਸ਼ਾ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਦੇ ਪੁਰਾਣੇ ਹਸਪਤਾਲ ਨੇੜੇ ਡਾਕਖ਼ਾਨਾ ਚੌਕ ਵਿਖੇ ਪਠਾਨਕੋਟ-ਅੰਮ੍ਰਿਤਸਰ ਮੁੱਖ ਸੜਕ 'ਤੇ ਪ੍ਰਾਈਵੇਟ ਬੱਸਾਂ ਖੜ੍ਹੀਆਂ ਰਹਿਣ ਕਰਕੇ ਹਰ ਵੇਲੇ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ ਕਿਉਂਕਿ ਇਨ੍ਹਾਂ ਬੱਸਾਂ ਦੇ ਖੜੇ ਰਹਿਣ ਕਰਕੇ ਸੜਕ 'ਤੇ ਜ਼ਾਮ ਵੀ ਲੱਗ ਜਾਂਦਾ ਹੈ ਅਤੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਬੱਸਾਂ ਜਿੱਥੇ ਖੜੀਆਂ ਹੁੰਦੀਆਂ ਹਨ ਉਥੇ ਹੀ ਨਜ਼ਦੀਕੀ ਪੁਲਸ ਨਾਕਾ ਵੀ ਹੈ, ਉਹ ਵੀ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੇ ਜਿਸ ਕਰਕੇ ਸ਼ਹਿਰ ਵਾਸੀਆਂ ਦਾ ਟਰੈਫ਼ਿਕ ਪੁਲਸ ਖ਼ਿਲਾਫ਼ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਸ਼ਹਿਰ ਵਾਸੀਆਂ ਨੇ ਦੱਸਿਆ ਕਿ ਇਹ ਬੱਸਾਂ ਇਥੋਂ ਰਾਤ ਤੇ ਸਵੇਰੇ ਚੰਡੀਗੜ੍ਹ, ਦਿੱਲੀ ਨੂੰ ਰਵਾਨਾ ਹੁੰਦੀਆਂ ਹਨ ਜਦੋਂਕਿ ਪੁਰਾਣਾ ਸਰਕਾਰੀ ਹਸਪਤਾਲ ਦੁਬਾਰਾ ਸ਼ੁਰੂ ਹੋ ਗਿਆ ਹੈ ਅਤੇ ਮਰੀਜ਼ਾਂ ਦਾ ਅਕਸਰ ਹੀ ਇਥੇ ਆਉਣਾ-ਜਾਣਾ ਸ਼ੁਰੂ ਹੋ ਗਿਆ ਹੈ। ਇਸ ਹਸਪਤਾਲ ਨਜ਼ਦੀਕ ਸੜਕ 'ਤੇ ਖੜੀਆਂ ਬੱਸਾਂ ਆਵਾਜਾਈ ਵਿਚ ਰੁਕਾਵਟ ਪੈਦਾ ਕਰਦੀਆਂ ਹਨ। ਲੋਕਾਂ ਨੇ ਕਿਹਾ ਜੋ ਬੱਸਾਂ ਇਥੇ ਖੜੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਕਿਤੇ ਹੋਰ ਉਚਿਤ ਜਗ੍ਹਾ 'ਤੇ ਭੇਜਿਆ ਜਾਵੇ।

ਸ਼ਹਿਰ ਵਾਸੀਆਂ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦਾਯਮਾ ਹਰੀਸ਼ ਕੁਮਾਰ ਪਾਸੋਂ ਮੰਗ ਕੀਤੀ ਕਿ ਹਸਪਤਾਲ ਨਜ਼ਦੀਕ (ਡਾਕਖਾਨਾ ਚੌਕ) ਪ੍ਰਾਈਵੇਟ ਬੱਸਾਂ ਨੂੰ ਖੜ੍ਹੇ ਹੋਣ ਤੋਂ ਰੋਕਿਆ ਜਾਵੇ ਤਾਂ ਜੋ ਆਵਾਜਾਈ ਦੀ ਸਮੱਸਿਆ ਦਾ ਹੱਲ ਹੋ ਸਕੇ।

ਲੀ ਹੈਲਥ ਨੇ ਦਿਲ ਦੀ ਦੇਖਭਾਲ ਲਈ ਕੁਦਰਤੀ ਕੈਪਸੂਲ ਬਣਾਏ

ਲੁਧਿਆਣਾ: ਭਾਰਤ ਦੀ ਮੋਹਰੀ ਨਿਊਟਰਾਸਿਊਟੀਕਲ ਕੰਪਨੀ ਲੀ ਹੈਲਥ ਡੋਮੇਨ ਨੇ ਦੱਸਿਆ ਕਿ ਉਸ ਨੇ ਦਿਲ ਦੀ ਪ੍ਰਭਾਵਸ਼ਾਲੀ ਦੇਖਭਾਲ ਲਈ ਇੱਕ ਕੁਦਰਤੀ ਪੋਲੀਪਿਲ ਸਪਲੀਮੈਂਟ ਲਿਫੇਸਟੇਰੋਲ ਵਿਕਸਿਤ ਕੀਤਾ ਹੈ।ਲੀ ਡੋਮੇਨ ਦੇ ਡਾਇਰੈਕਟਰ ਅੱਲਾ ਲੀਲਾ ਰਾਨੀ ਨੇ ਕਿਹਾ ਕਿ ਦਿਲ ਦੇ ਰੋਗਾਂ ਵਿੱਚ ਗਹਿਰੀ ਖੋਜ ਦੇ ਬਾਅਦ ਵਿਕਸਿਤ ਕੀਤੇ ਗਏ ਸਾਫਟ ਜੈੱਲ ਕੈਪਸੂਲ ਵਿਚ ਪੁਰਾਣੇ ਲਸਣ ਦੇ ਅਰਕ ਬਾਇਓਐਕਟਿਵ ਯੋਗਿਕ ਸ਼ਾਮਿਲ ਹਨ।ਕੰਪਨੀ ਦੀ ਨਿਰਦੇਸ਼ਕ ਲੀਲਾ ਰਾਣੀ ਨੇ ਦੱਸਿਆ ਕਿ ਲਿਫੇਸਟੇਰੋਲ ਵਿਚ ਇਸਤੇਮਾਲ ਕੀਤੇ ਜਾਣ ਵਾਲੇ ਬਾਇਓਐਕਟਿਵ ਕੰਪਾਊਂਡਸ ਕੋਲੈਸਟ੍ਰੋਲ ਅਤੇ ਟਰਾਈਗਲਿਸਰਾਈਡ ਦੇ ਪੱਧਰ ਵਿਚਕਾਰ ਸੰਤੁਲਨ ਲਈ ਕਾਫੀ ਅਸਰਦਾਰ ਹਨ। ਉਹ ਅਨਿਯਮਿਤ ਦਿਲ ਦੀ ਧੜਕਨ ਨੂੰ ਸਥਿਰ ਕਰਨ ਲਈ ਧਮਨੀਆਂ ਵਿਚੋਂ ਸਾਫਟ ਪਲਾਕ ਨੂੰ ਹਟਾਉਂਦੇ ਹਨ। ਇਸ ਤੋਂ ਇਲਾਵਾ ਇਹ ਕੰਪਾਊਂਡਸ ਸਰੀਰ ਨੂੰ ਰੈਡੀਕਲ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ। ਫਾਈਟੋਸਟੇਰੋਲ ਦਵਾਈ ਐਮਾਜ਼ਾਨ, ਲੀ ਹੈਲਥ ਡੋਮੇਨ ਪੋਰਟਲ ਅਤੇ ਮੋਹਰੀ ਫਾਰਮੇਸੀਆਂ 'ਤੇ ਵਿਕਰੀ ਲਈ ਉਪਲਬਧ ਹੈ।

ਪਾਖਰਪੁਰਾ ਦੀ ਹਾਕੀ ਗਰਾਊਂਡ 'ਚ ਹੋਲਾ ਮਹੱਲਾ ਖੇਡ ਦਿਵਸ ਮਨਾਇਆ

ਮਜੀਠਾ (ਸੋਇਮ ਆਨੰਦ)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਤਰਨ ਤਾਰਨ ਜ਼ੋਨ ਵੱਲੋਂ ਗ੍ਰਾਮ ਪੰਚਾਇਤ ਪਿੰਡ ਪਾਖਰਪੁਰਾ ਅਤੇ ਸਮੂਹ ਸੰਗਤ ਦੇ ਸਹਿਯੋਗ ਸਦਕਾ ਪਿੰਡ ਪਾਖਰਪੁਰਾ ਦੀ ਹਾਕੀ ਗਰਾਊਂਡ 'ਚ ਹੋਲਾ ਮਹੱਲਾ ਖੇਡ ਦਿਵਸ ਮਨਾਇਆ ਗਿਆ।ਇਸ ਵਿੱਚ 50 ਮੀਟਰ, 100 ਮੀਟਰ, 200 ਮੀਟਰ ਦੌੜ, ਗੋਲਾ ਸੁੱਟਣ, ਚਾਟੀ ਦੌੜ, ਮਿਊਜ਼ਿਕ ਚੇਅਰ, ਵਿਰਾਸਤੀ ਦੌੜ, ਨੀਂਬੂ ਚਮਚਾ ਦੌੜ, ਤਿੰਨ ਟੰਗੀ ਦੌੜ ਅਤੇ ਰੱਸਾਕਸੀ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਪ੍ਰਤੀਯੋਗੀਆਂ ਨੂੰ ਸਨਮਾਨ ਚਿੰਨ੍ਹ ਦਿੱਤੇ ਗਏ।ਇਸ ਮੌਕੇ ਬੱਚਿਆਂ ਵਲੋਂ ਗੱਤਕੇ ਦੀ ਪ੍ਰਦਰਸ਼ਨੀ ਕੀਤੀ ਗਈ।ਇਸ ਮੌਕੇ ਬਲਜੀਤ ਸਿੰਘ ਚੇਅਰਮੈਨ, ਜਸਵੰਤ ਸਿੰਘ ਪ੍ਰਧਾਨ, ਪਰਮਜੀਤ ਸਿੰਘ ਮਾਲਖੇੜੀ, ਹਰਪ੍ਰਤਾਪ ਸਿੰਘ, ਸੁਖਵਿੰਦਰ ਸਿੰਘ ਹੁਰਾਂ ਨੇ ਵਿਸ਼ੇਸ਼ ਹਾਜ਼ਰੀ ਭਰੀ।ਇਸ ਮੌਕੇ ਬੋਲਦਿਆਂ ਪਰਮਜੀਤ ਸਿੰਘ ਨੇ ਹੋਲੇ ਮਹੱਲੇ ਦਾ ਇਤਿਹਾਸ ਅਤੇ ਮਹੱਤਤਾ ਦਸਦਿਆਂ ਨਸ਼ਿਆਂ ਤੋਂ ਰਹਿਤ ਹੋ ਕੇ ਖੇਡਾਂ 'ਚ ਭਾਗ ਲੈਣ ਅਤੇ ਗੁਰਬਾਣੀ ਤੋਂ ਸੇਧ ਲੈ ਕੇ ਜੀਵਨ ਜਿਊਣ ਦੀ ਗੱਲ ਕੀਤੀ।ਇਸ ਉੱਦਮ ਨੂੰ ਸਫਲ ਬਣਾਉਣ 'ਚ ਵੀਰ ਰਵਿੰਦਰ ਸਿੰਘ ਤਲਵੰਡੀ, ਭੈਣ ਦਲਜੀਤ ਕੌਰ, ਵੀਰ ਹਰਜਿੰਦਰ ਸਿੰਘ, ਕੁਲਦੀਪ ਸਿੰਘ ਕਾਹਲੋਂ, ਤਲਵਿੰਦਰ ਸਿੰਘ, ਕੁਲਦੀਪ ਸਿੰਘ, ਸਿਮਰਜੀਤ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।

ਹੋਲੇ ਮਹੱਲੇ ਨੂੰ ਸਮਰਪਿਤ ਢੋਟੀਆਂ ਵਿਖੇ ਫ੍ਰੀ ਮੈਡੀਕਲ ਕੈਂਪ ਲਗਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ 100 ਬਲਾਕ ਖਡੂਰ ਸਾਹਿਬ ਵਲੋਂ ਹੋਲੇ ਮਹੱਲੇ ਦੇ ਸਬੰਧ ਵਿੱਚ

28-March-PAGE-12.qxd 3/27/2024 11:21 PM Page 1

ਗ਼ਦਰ ਲਹਿਰ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਪਿਤ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ

ਘਰ ਘਰ ਉਸਾਰੂ ਸਾਹਿਤ ਦਾ ਚਾਨਣ ਵੰਡਣ ਵਾਲਾ ਯੋਧਾ ਕਾ.ਪ੍ਰੀਤਮ ਸਿੰਘ ਦਰਦੀ

ਮਹਿਲ ਕਲਾਂ: ਪਿਛਲੇ ਸੱਠ ਵਰ੍ਹਿਆਂ ਦੀ ਪੰਜਾਬੀ ਸਾਹਿਤਕ ਅਤੇ ਕਮਿਊਨਿਸਟ ਲਹਿਰ ਦੇ ਹਰ ਉਤਰਾਅ ਚੜ੍ਹਾਅ ਦਾ ਪਰਛਾਵੇਂ ਵਰਗਾ ਸਾਥੀ ਕਾ: ਪ੍ਰੀਤਮ ਸਿੰਘ ਦਰਦੀ ਬੇਸ਼ੱਕ ਅੱਜ ਜਿਸਮਾਨੀ ਰੂਪ ਵਿਚ ਸਾਡੇ ਦਰਮਿਆਨ ਨਹੀਂ ਰਿਹਾ ਪ੍ਰੰਤੂ ਲੈਨਿਨ ਕਿਤਾਬ ਘਰ ਮਹਿਲ ਕਲਾਂ ਦੀਆਂ ਉਦਾਸ਼ ਪਈਆਂ ਸੈਂਕੜੇ ਕਿਤਾਬਾਂ ਵਾਂਗ ਹਜਾਰਾਂ ਸ਼ਨੇਹੀਆਂ ਨੂੰ ਚੇਤਿਆਂ ਵਿਚ ਉਸ ਨਾਲ ਬਿਤਾਏ ਪਲਾਂ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਹਮੇਸ਼ਾਂ ਬੇਚੈਨ ਕਰਦੀਆਂ ਰਹਿਣਗੀਆਂ। ਅਨੇਕਾ ਵੱਡੇ ਸਾਹਿਤਕਾਰਾਂ ਦੀਆਂ ਪਲੇਠੀਆਂ ਪੁਸਤਕਾਂ ਛਾਪ ਕੇ ਪਹਿਲੀ ਵਾਰੀ ਪਾਠਕਾਂ ਦੇ ਰੂ-ਬ-ਰੂ ਕਰਨ ਵਾਲੇ ਕਾਮਰੇਡ ਦਰਦੀ ਦਾ ਜਨਮ ਸੀ.ਪੀ. ਆਈ. ਦੇ ਅਹਿਮ ਆਗੂ ਕਾ. ਮੱਲ ਸਿੰਘ ਦੇ ਘਰ ਮਾਤਾ ਜੰਗੀਰ ਦੀ ਕੌਰ ਦੀ ਕੁੱਖੋਂ ਪਿੰਡ ਮਹਿਲ ਕਲਾਂ ਵਿਖੇ 1 ਜਨਵਰੀ 1951 ਵਿਚ ਹੋਇਆ। ਬਚਪਨ ਵਿਚ ਪ੍ਰਸਿੱਧ ਕਮਿਊਨਿਸਟ ਆਗੂਆਂ ਬਾਬਾ ਦੁੱਲਾ ਸਿੰਘ ਜਲਾਲਦੀਵਾਲ, ਕਾ. ਤੇਜਾ ਸਿੰਘ ਸੁਤੰਤਰ , ਹਰਦਿਤ ਸਿੰਘ ਭੱਠਲ, ਕਾ, ਹਰਨਾਮ ਸਿੰਘ ਚਮਕ, ਕਾ. ਜੰਗੀਰ ਸਿੰਘ ਜੋਗਾ, ਬਾਬਾ ਅਰਜਣ ਸਿੰਘ ਭਦੌੜ ਅਤੇ ਕਾ. ਸੰਤੋਖ ਸਿੰਘ ਸਹੌਰ ਵਰਗਿਆਂ ਦੀਆਂ ਲੋਰੀਆਂ ਲੈ ਕੇ ਜਵਾਨ ਹੋਏ ਕਾ: ਪ੍ਰੀਤਮ ਸਿੰਘ ਦਰਦੀ ਨੇ ਭਾਰਤੀ ਕਮਿਊਨਿਸਟ ਲਹਿਰ ਵਾਂਗ ਜਿੰਦਗੀ ਵਿਚ ਵੀ ਅਨੇਕਾ ਉਤਰਾਅ ਚੜ੍ਹਾਅ ਵੇਖੇ ਅਤੇ ਆਪਣੇ ਪਿੰਡੇ 'ਤੇ ਹੰਢਾਏ। ਉਸ ਨੇ ਆਪਣੇ ਪਿਤਾ ਅਤੇ ਭਰਾਵਾਂ ਨਾਲ ਰਲ ਕੇ ਭਾਰੇ ਹਥੌੜਿਆਂ ਨਾਲ ਵਰ੍ਹਿਆਂ ਤੱਕ ਲੋਹਾ ਵੀ ਕੁੱਟਿਆ ਅਤੇ ਇਕ ਕਿਸਾਨ ਦੀ ਕਣਕ ਦਾ ਟੋਕਾ ਕਰਦਿਆਂ ਆਪਣੀ ਇਕ ਬਾਂਹ ਵੀ ਗੁਆ ਲਈ। ਘਰ ਅੰਦਰ ਹਰ ਵੇਲੇ ਕਮਿਊਨਿਸਟ ਆਗੂਆਂ, ਲੋਕ ਪੱਖੀ ਸਾਹਿਤਕ ਰਸਾਲਿਆਂ ਅਤੇ ਅਖਬਾਰਾਂ ਦੀ ਸੰਗਤ ਨੇ ਕਾ. ਦਰਦੀ ਨੂੰ ਬਚਪਨ ਵਿਚ ਹੀ ਸਾਹਿਤ ਪੜ੍ਹਨ ਤੇ ਪੜਚੋਲਣ ਦੀ ਚੇਟਕ ਲਗਾ ਦਿਤੀ। ਉਸ ਨੇ 1970 ਵਿਚ ਲੈਨਿਨ ਕਿਤਾਬ ਘਰ ਸੁਰੂ ਕਰਕੇ ਜਿੰਦਗੀ ਦੇ ਆਖਰੀ ਦਮ ਤੱਕ ਲੋਕ ਪੱਖੀ ਸਾਹਿਤਕ ਕਿਤਾਬਾਂ ਛਾਪਣ ਅਤੇ ਮਾਮੂਲੀ ਕੀਮਤ 'ਤੇ ਵੇਚਣ ਦੀ ਤਪੱਸਿਆ ਕੀਤੀ। ਕਾ. ਦਰਦੀ ਵੱਡੇ ਛੋਟੇ ਸਮਾਗਮਾਂ ਇੱਕਠਾਂ ਦੇ ਨਾਲ ਨਾਲ ਹਰ ਉਸ ਪਾਠਕ ਤੱਕ ਕਿਤਾਬ ਨੂੰ ਖੁਦ ਲੈ ਕੇ ਗਿਆ ਜਿਸ ਨੂੰ ਉਹ ਕਿਤਾਬ ਪੜ੍ਹਾਉਣੀ ਚਹੁੰਦਾ ਸੀ। ਮੁਢਲੇ ਦਿਨਾਂ ਵਿਚ ਕਾ. ਦਰਦੀ ਨੇ ਮਾਸਕੋ ਪ੍ਰਕਾਸ਼ਨ ਦੀਆਂ ਸੂਹੇ ਟਾਈਟਲ ਵਾਲੀਆਂ ਢੇਰਾਂ ਕਿਤਾਬਾਂ ਵੇਚੀਆਂ ਅਤੇ ਫਿਰ ਪੰਜਾਬੀ ਹਿੰਦੀ ਦੀਆਂ ਉਸਾਰੂ ਸਾਹਿਤਕ ਕਿਤਾਬਾਂ ਵੀ ਦਰਦੀ ਦੀ ਸਟਾਲ 'ਤੇ ਵਿਕਣ ਲੱਗੀਆਂ। ਵੱਡੇ ਵੱਡੇ ਕਮਿਊਨਿਸਟ ਆਗੂਆਂ ਅਤੇ ਪੰਜਾਬੀ ਸਾਹਿਤ ਜਗਤ ਦੀਆਂ ਨਾਮਵਰ ਹਸ਼ਤੀਆਂ ਨਾਲ ਕਾ. ਦਰਦੀ ਦੇ ਪਰਿਵਾਰਕ ਰਿਸਤੇ ਰਹੇ। ਭਾਅ ਜੀ ਗੁਰਸ਼ਰਨ ਸਿੰਘ, ਭਾਅ ਜੀ ਡਾ. ਬਰਜਿੰਦਰ ਸਿੰਢਘ ਹਮਦਰਦ, ਨਾਵਲਕਾਰ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ ਅਤੇ ਰਾਮ ਸਰੂਪ ਅਣਖੀ ਵਰਗੀਆਂ ਸਖਸ਼ੀਅਤਾਂ ਨੇ ਕਾ. ਦਰਦੀ ਨੂੰ ਸਾਹਿਤਕ ਪਿੜ ਵਿਚ ਡਟੇ ਰਹਿਣ ਲਈ ਹਮੇਸ਼ਾ ਹੌਂਸਲਾ ਦਿਤਾ। ਕਾ. ਦਰਦੀ ਦਾ ਘਰ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਵਰ੍ਹਿਆਂ ਤੱਕ ਰੋਜ਼ਾਨਾ ਠਾਹਰ ਰਿਹਾ। ਸਾਰੀ ਉਮਰ ਉਸਾਰੂ ਕਿਤਾਬਾਂ ਅਤੇ ਲੋਕ ਘੋਲਾਂ ਦੇ ਲੇਖੇ ਲਾਉਣ ਵਾਲੇ ਕਾ. ਦਰਦੀ ਨੇ ਕਦੇ ਹਾਲਾਤਾਂ ਨਾਲ ਸਮਝੌਤਾ ਨਹੀਂ ਕੀਤਾ। ਉਸ ਨੇ ਪੰਡੋਰੀ, ਪਿਆਰ ਸਿੰਘ ਕਿਰਪਾਲ ਸਿੰਘ ਵਾਲਾ ਕਾਂਡ ਅਤੇ ਕਿਰਨਜੀਤ ਕਤਲ ਕਾਂਡ ਮਹਿਲ ਕਲਾਂ ਆਦਿ ਦੇ ਇਨਸਾਫ ਘੋਲਾਂ ਦੀ ਜਿੱਤ ਤੱਕ ਨਿੱਡਰਤਾ ਨਾਲ ਅਗਵਾਈ ਕੀਤੀ। ਵਕਤ ਦੀ ਹਕੂਮਤ ਵਲੋਂ ਉਸ ਨੂੰ ਛੋਟੇ ਭਰਾ ਪਰਮਜੀਤ ਸਿੰਘ ਗਾਂਧੀ, ਰੋਜ਼ਾਨਾ ਅਜੀਤ ਦੇ ਪੱਤਰਕਾਰ ਅਵਤਾਰ ਸਿੰਘ ਅਣਖੀ ਆਦਿ ਸਮੇਤ ਤਿਹਾੜ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਵੀ ਬੰਦ ਰੱਖਿਆ ਗਿਆ। ਹਰ ਵੇਲੇ ਸ਼ਾਂਤ ਸਮੁੰਦਰ ਵਰਗਾ ਦਿਖਾਈ ਦਿੰਦੇ ਕਾ. ਦਰਦੀ ਅੰਦਰ ਸਰਮਾਏਦਾਰੀ ਨਿਜ਼ਾਮ ਖਿਲਾਫ ਖੌਲ਼ਦਾ ਵਿਦਰੋਹ ਉਸ ਨੂੰ ਬੇਚੈਨ ਕਰਦਾ ਰਹਿੰਦਾ ਸੀ। ਉਨ੍ਹਾਂ ਵਲੋਂ ਦਿੱਤੇ ਚੰਗੇ ਮਾਰਗ ਦਰਸ਼ਨ ਦੇ ਸਦਕਾ ਉਨ੍ਹਾਂ ਦੇ ਭਤੀਜੇ ਪੱਤਰਕਾਰ ਗੁਰਪ੍ਰੀਤ ਸਿੰਘ ਅਣਖੀ, ਜਗਦੀਪ ਸਿੰਘ ਅਣਖੀ ਆਸਟ੍ਰੇਲੀਆ, ਇਕਬਾਲ ਸਿੰਘ ਹੈਪੀ, ਹਰਸ਼ਪ੍ਰੀਤ ਸਿੰਘ ਮਿੰਟਾ ਕੈਨੇਡਾ ਦੇਸ਼ ਵਿਦੇਸ਼ 'ਚ ਨਾਮਣਾ ਖੱਟ ਰਹੇ ਹਨ। ਪੰਜਾਬ ਦੇ ਹਰ ਲੋਕ ਪੱਖੀ ਸਾਹਿਤਕ ਮੇਲੇ, ਧਰਨੇ, ਮੁਜਾਹਰੇ, ਅਤੇ ਜਨਤਕ ਇੱਕਠ ਵਿਚ ਸਾਹਿਤਿਕ ਕਿਤਾਬਾਂ ਦੀ ਪ੍ਰਦਰਸ਼ਨੀ ਲਾ ਕੇ ਉਸਾਰੂ ਸਾਹਿਤ ਦੀਆਂ ਹਜਾਰਾਂ ਕਿਤਾਬਾਂ ਦੇ ਗਿਆਨ ਰੂਪੀ ਚਾਨਣ ਨੂੰ ਘਰ ਘਰ ਤੱਕ ਲੈ ਜਾਣ ਵਾਲਾ ਕਾ: ਪ੍ਰੀਤਮ ਸਿੰਘ ਦਰਦੀ 9 ਅਗਸਤ, 2022 ਨੂੰ ਆਪਣੇ ਹਜਾਰਾਂ ਸ਼ਨੇਹੀਆਂ ਦੇ ਵੱਡੇ ਕਾਫਲੇ ਨੂੰ ਹਮੇਸ਼ਾ ਲਈ ਛੱਡ ਗਿਆ। ਪਰ ਉਨ੍ਹਾਂ ਵਲੋਂ ਸੰਚਾਲਤ ਲੈਨਿਨ ਕਿਤਾਬ ਘਰ ਨਿਰੰਤਰ ਵਧ ਫੁੱਲ ਰਿਹਾ ਹੈ।

ਸਵ: ਪ੍ਰੀਤਮ ਸਿੰਘ ਦਰਦੀ

ਪ੍ਰਦੀਪ ਸਿੰਘ ਲੋਹਗੜ੍ਹ
ਪ੍ਰਤੀਨਿਧ ਮਹਿਲ ਕਲਾਂ (ਬਰਨਾਲਾ)
ਮੋ: 99156-42326

ਵਿੱਦਿਆ ਦੇ ਖੇਤਰ 'ਚ ਨਵੇਂ ਕੀਰਤੀਮਾਨ ਸਥਾਪਿਤ ਕਰਨ ਵਾਲੀ ਵਿਲੱਖਣ ਸ਼ਖ਼ਸੀਅਤ-ਸੁਸ਼ੀਲ ਕੁਮਾਰ ਗੋਇਲ

ਮਹਿਲ ਕਲਾਂ: ਵਿਰਲੇ ਇਨਸਾਨ ਹੁੰਦੇ ਹਨ, ਜਿਨ੍ਹਾਂ ਦਾ ਨਜ਼ਰੀਆ ਅਤੇ ਭਾਵਨਾ ਸਮਾਜ ਨੂੰ ਬਿਹਤਰ ਤੇ ਮਾਨਵਵਾਦੀ ਬਣਾਉਣ ਦੀ ਹੋਵੇ। ਅਜਿਹੀ ਹੀ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਹਨ ਜੀ.ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ (ਬਰਨਾਲਾ) ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਸੁਸ਼ੀਲ ਕੁਮਾਰ ਗੋਇਲ, ਜਿਨ੍ਹਾਂ ਨੇ ਵਿੱਦਿਆ ਵਿਚਾਰੀ ਤੇ ਪਰਉਪਕਾਰੀ ਨਾਲ ਅੱਜ ਦੇ ਨੌਜਵਾਨਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਵੱਡੇ ਉਪਰਾਲੇ ਕੀਤੇ ਹਨ। ਉਨ੍ਹਾ ਦੀ ਯੋਗ ਅਗਵਾਈ ਤੇ ਪ੍ਰੇਰਨਾ ਕਰਕੇ ਹੋਲੀ ਹਾਰਟ ਸਕੂਲ ਦੇ ਵਿਦਿਆਰਥੀ ਇੱਥੋਂ ਵਿੱਦਿਆ ਪ੍ਰਾਪਤ ਕਰਕੇ ਕੌਮਾਂਤਰੀ ਪੱਧਰ 'ਤੇ ਵੱਡੇ ਰੁਤਬਿਆਂ ਤੱਕ ਪਹੁੰਚ ਰਹੇ ਹਨ। ਖੇਡਾਂ ਵਿਚ ਵੀ ਰਾਸ਼ਟਰੀ ਅੰਤਰਰਾਸ਼ਟਰੀ ਤੌਰ 'ਤੇ ਇਨਾਮ ਵੀ ਇਸੇ ਸੰਸਥਾ ਦੇ ਖਿਡਾਰੀਆਂ ਨੇ ਪ੍ਰਾਪਤ ਕੀਤੇ ਹਨ। ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਐੱਮ.ਡੀ. ਸੁਸ਼ੀਲ ਗੋਇਲ ਨੇ ਲੋੜਵੰਦ, ਬੇਸਹਾਰਾ, ਵਿਦਿਆਰਥੀਆਂ ਦੀ ਸਹਾਇਤਾ ਲਈ ਬਰਨਾਲਾ ਵੈੱਲਫੇਅਰ ਕਲੱਬ ਦਾ ਗਠਨ ਕਰਕੇ ਉਨ੍ਹਾਂ ਨੂੰ ਕਿਤਾਬਾਂ, ਕਾਪੀਆਂ, ਵਰਦੀਆਂ ਤੇ ਹਰ ਤਰ੍ਹਾਂ ਦੀ ਮਦਦ ਕਰਨ ਦਾ ਬੀੜਾ ਚੁੱਕਿਆ ਗਿਆ ਹੈ। ਐਮ.ਡੀ. ਗੋਇਲ ਨੂੰ ਅਗਿਆਨਤਾ ਦੇ ਹਨੇਰੇ ਤੇ ਨਾਲ ਬੇਹੱਦ ਨਫ਼ਰਤ ਹੈ। ਇਨ੍ਹਾਂ ਨੇ ਝੁੱਗੀਆਂ-ਝੌਂਪੜੀਆਂ ਵਿਚ ਰਹਿੰਦੇ ਵਿੱਦਿਆ ਤੋਂ ਵਾਂਝੇ ਬੱਚਿਆਂ ਨੂੰ ਵਿਦਿਆ ਪ੍ਰਾਪਤੀ ਲਈ ਦਾਖ਼ਲ ਕਰਵਾਇਆ ਗਿਆ। ਕਿਸੇ ਵੀ ਇਨਸਾਨ ਦਾ ਰੁਤਬਾ ਉਸ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਸਮਰੱਥਾ ਨਾਲ ਤਹਿ ਹੁੰਦਾ ਹੈ। ਸ੍ਰੀ ਸੁਸ਼ੀਲ ਗੋਇਲ ਨੇ 2011 ਤੋਂ ਮੈਨੇਜਿੰਗ ਡਾਇਰੈਕਟਰ ਦੇ ਤੌਰ 'ਤੇ ਇਹ ਰੁਤਬਾ ਹਾਸਲ ਕੀਤਾ ਹੈ। ਇਸ ਰੁਤਬੇ ਦੀ ਮਾਣ-ਮਰਿਆਦਾ ਵੀ ਉਨ੍ਹਾਂ ਬਕਾਇਦਾ ਬਣਾਈ ਰੱਖੀ ਹੋਈ ਹੈ। ਹੋਲੀ ਸਕੂਲ ਵਿਚ ਸਾਇੰਸ ਲੈਬ ਕੰਪਿਊਟਰ ਲੈਬ, ਆਈਲਟਸ ਲੈਬ, ਏ.ਸੀ. ਕਲਾਸ ਰੂਮ ਉਪਲਬਧ ਹਨ। ਇਹ ਸੰਸਥਾ ਦੀ ਬਿਹਤਰੀ ਲਈ ਹਰ ਵੇਲੇ ਤਤਪਰ ਰਹਿੰਦੇ ਹਨ। ਉਨ੍ਹਾ ਦਾ ਮੰਨਣਾ ਹੈ ਕਿ ਜੇਕਰ ਦੁਨੀਆ 'ਤੇ ਕੋਈ ਮਹਾਨਦਾਨ ਹੈ ਉਹ ਵਿੱਦਿਆ ਦਾ ਹੈ, ਇਹ ਅਜਿਹੀ ਪੌੜੀ ਹੈ 'ਜਿਹੜੀ ਕਿਸੇ ਵੀ ਮੰਜ਼ਿਲ ਨੂੰ ਹਾਸਲ ਕਰਵਾ ਸਕਦੀ ਹੈ। ਇਹ ਇਸੇ 'ਭਾਵਨਾ ਤਹਿਤ ਹੀ ਜੰਗਲ 'ਚ ਮੰਗਲ ਲਾ ਕੇ ਸਕੂਲ ਦੇ 'ਵਿਦਿਆਰਥੀਆਂ ਨੂੰ ਪੜ੍ਹਾਈ ਕਰਵਾਉਣ ਦੇ ਪਰਉਪਕਾਰੀ ਕਾਰਜ ਦੀ ਸੇਵਾ ਕਰ ਰਹੇ ਹਨ। ਅਸੀਂ ਦੁਆ ਕਰਦੇ ਹਾਂ ਕਿ ਸ੍ਰੀ ਸੁਸ਼ੀਲ ਗੋਇਲ ਵਿੱਦਿਆ ਰਿਸ਼ਮਾਂ ਨਾਲ ਹਮੇਸ਼ਾ ਇਸ ਸਮਾਜ ਨੂੰ ਰੁਸ਼ਨਾਉਂਦੇ ਰਹਿਣ। ਆਪਣੇ ਮਿੱਥੇ ਹੋਏ ਦਿਸਹੱਦਿਆਂ ਦੇ ਸਿਰਨਾਵਿਆਂ ਨੂੰ ਸਰ ਕਰਦੇ ਹੋਏ ਸਮਾਜ ਦੀ ਬਿਹਤਰੀ ਲਈ ਹੋਰ ਮੱਲਾਂ ਮਾਰਦੇ ਹੋਏ ਦੂਸਰਿਆਂ ਲਈ ਪ੍ਰੇਰਨਾ ਸਰੋਤ ਬਣਨ ਇਨ੍ਹਾਂ ਦਾ ਲਗਾਇਆ ਹਰ ਬੂਟਾ ਵੱਡਾ ਰੁਖ ਬਣੇ । ਉਨ੍ਹਾ ਦੇ ਹੋਣਹਾਰ ਸਪੁੱਤਰ ਇਸ਼ਾਨ ਕੁਮਾਰ ਗੋਇਲ ਵਲੋਂ ਬਰਨਾਲਾ ਵਿਖੇ ਆਧੁਨਿਕ ਬਿਜਲਈ ਉਪਕਰਨਾਂ ਦੀ ਵੱਡੀ ਦੁਕਾਨ ਪੰਜਾਬ ਸਭ 'ਚ ਲੋਕਾਂ ਨੂੰ ਵਾਜਬ ਰੇਟਾਂ 'ਚ ਉਚ ਮਿਆਰੀ ਚੀਜ਼ਾਂ ਉਪਲਬੱਧ ਕਰਵਾਉਣ ਲਈ ਵਚਨਬੱਧ ਹੈ। ਆਪ ਦੀ ਸਰਪ੍ਰਸਤੀ ਹੇਠ "ਦਿੱਲੀ ਇਲੈਕਟ੍ਰਿਕ ਸਟੋਰ, ਬਰਨਾਲਾ" ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਪਰਮਾਤਮਾ ਉਨ੍ਹਾਂ ਨੂੰ ਹੋਰ ਟੀਚੇ ਸਰ ਕਰਨ ਦੀ ਸਮਰੱਥਾ ਦੇਵੇ। ਇਸ ਨਾਮਵਰ ਸੰਸਥਾ ਜੀ.ਹੋਲੀ ਹਾਰਟ ਸਕੂਲ ਦੀ ਮਹਾਨਤਾ, ਮਾਣ ਸਨਮਾਨ ਹਮੇਸ਼ਾ ਬਣਿਆ ਰਹੇ ਇਹੀ ਸਾਡੀ ਦਿਲੀ ਇੱਛਾ ਹੈ।

ਸੁਸ਼ੀਲ ਕੁਮਾਰ ਗੋਇਲ, M.D.

ਬਲਵਿੰਦਰ ਸਿੰਘ ਵਜੀਦਕੇ
ਪ੍ਰਤੀਨਿਧ ਮਹਿਲ ਕਲਾਂ (ਬਰਨਾਲਾ)
ਮੋ: 94177-57111

ਸੰਦੇਸ਼
ਕੁਲਵੰਤ ਸਿੰਘ ਪੰਡੋਰੀ ਵਿਧਾਇਕ
ਗੁਰਪ੍ਰੀਤ ਸਿੰਘ ਔਲਖ ਜ਼ਿਲ੍ਹਾ ਸਕੱਤਰ, ਵਪਾਰ ਵਿੰਗ
ਅਦਾਰਾ ਨਵਾਂ ਜ਼ਮਾਨਾ ਵਲੋਂ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਪੱਤਰਕਾਰ ਬਲਵਿੰਦਰ ਸਿੰਘ ਵਜੀਦਕੇ, ਪ੍ਰਦੀਪ ਸਿੰਘ ਲੋਹਗੜ੍ਹ ਸਮੂਹ ਪਾਠਕਾਂ ਨੂੰ ਹਾਰਦਿੱਕ ਸ਼ੁਭਕਾਮਨਾਵਾਂ।

ਸੰਦੇਸ਼
ਪਰਮਿੰਦਰ ਸਿੰਘ ਢੰਡਿਸਾ ਸਾਬਕਾ ਮੰਤਰੀ
ਰੁਬਲ ਗਿੱਲ ਕੈਨੇਡਾ ਸੂਬਾ ਯੂਥ ਆਗੂ
ਅਦਾਰਾ ਨਵਾਂ ਜ਼ਮਾਨਾ ਵਲੋਂ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਪੱਤਰਕਾਰ ਬਲਵਿੰਦਰ ਸਿੰਘ ਵਜੀਦਕੇ, ਪ੍ਰਦੀਪ ਸਿੰਘ ਲੋਹਗੜ੍ਹ ਸਮੂਹ ਪਾਠਕਾਂ ਨੂੰ ਲੱਖ-ਲੱਖ ਵਧਾਈਆਂ ਭੇਜਦੇ ਹਾਂ।

ਸੰਦੇਸ਼
ਅਜੀਤ ਸਿੰਘ ਕੁਤਬਾ Ex. ਚੇਅਰਮੈਨ
ਸਵੇ: ਅਸਮੇਰ ਸਿੰਘ ਮਹਿਲ ਕਲਾਂ
ਅਦਾਰਾ "ਨਵਾਂ ਜ਼ਮਾਨਾ" ਵਲੋਂ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਲੱਖ-ਲੱਖ ਵਧਾਈਆਂ ਭੇਜਦੇ ਹਾਂ।

ਸੰਦੇਸ਼
ਕੰਵਲਪਾਲ ਸਿੰਘ ਬਾਸਵਾ ਡੀ.ਐਸ.ਪੀ. ਮਹਿਲ ਕਲਾਂ
ਹੀਰਾ ਸਿੰਘ S.H.O. ਮਹਿਲ ਕਲਾਂ
ਨਵਾਂ ਜ਼ਮਾਨਾ ਵਲੋਂ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਪ੍ਰਤੀਨਿਧ ਬਲਵਿੰਦਰ ਸਿੰਘ ਵਜੀਦਕੇ, ਪ੍ਰਦੀਪ ਸਿੰਘ ਲੋਹਗੜ੍ਹ ਸਮੂਹ ਪਾਠਕਾਂ ਨੂੰ ਲੱਖ-ਲੱਖ ਵਧਾਈਆਂ ਭੇਜਦੇ ਹਾਂ।

ਸੰਦੇਸ਼
ਭਾਈ ਸ਼ੇਰ ਸਿੰਘ ਖ਼ਾਲਸਾ ਪ੍ਰਧਾਨ, ਲੋਕਲ ਗੁ ਕਮੇਟੀ
ਭਾਈ ਜਗਸੀਰ ਸਿੰਘ ਖ਼ਾਲਸਾ, ਚੇਅਰਮੈਨ
ਨਵਾਂ ਜ਼ਮਾਨਾ ਵਲੋਂ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਪ੍ਰਤੀਨਿਧ ਬਲਵਿੰਦਰ ਸਿੰਘ ਵਜੀਦਕੇ, ਪ੍ਰਦੀਪ ਸਿੰਘ ਲੋਹਗੜ੍ਹ ਸਮੂਹ ਪਾਠਕਾਂ ਨੂੰ ਲੱਖ-ਲੱਖ ਵਧਾਈਆਂ ਭੇਜਦੇ ਹਾਂ।

ਸੰਦੇਸ਼
ਕਾਮਰੇਡ ਸੁਰਿੰਦਰ ਸਿੰਘ ਜਸਾਲਦੀਵਾਲ
ਡਾ: ਹਰਮਿੰਦਰ ਸਿੰਘ ਸਿੱਧੂ
ਅਦਾਰਾ "ਨਵਾਂ ਜ਼ਮਾਨਾ" ਵਲੋਂ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਸਮੂਹ ਪਾਠਕਾਂ ਨੂੰ ਲੱਖ-ਲੱਖ ਵਧਾਈਆਂ ਭੇਜਦੇ ਹਾਂ।

ਸੰਦੇਸ਼
ਚਮਕੌਰ ਸਿੰਘ ਮਰੰਤ ਲੋਹਗੜ੍ਹ
ਬੋਅੰਤ ਸਿੰਘ ਲੋਹਗੜ੍ਹ
ਅਦਾਰਾ "ਨਵਾਂ ਜ਼ਮਾਨਾ" ਵਲੋਂ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਸਮੂਹ ਪਾਠਕਾਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਭੇਜਦੇ ਹਾਂ।

ਸੰਦੇਸ਼
ਅਵਤਾਰ ਸਿੰਘ ਅਣਖੀ ਚੇਅਰਮੈਨ, ਪ੍ਰੈਸ ਕਲੱਬ
ਬਲਜਿੰਦਰ ਸਿੰਘ ਢਿੱਲੋਂ ਜਨਰਲ ਸਕੱਤਰ
ਅਦਾਰਾ "ਨਵਾਂ ਜ਼ਮਾਨਾ" ਵਲੋਂ ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਤੇ ਪ੍ਰਤੀਨਿਧ ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ ਅਤੇ ਸਮੂਹ ਪਾਠਕਾਂ ਨੂੰ ਲੱਖ-ਲੱਖ ਵਧਾਈਆਂ।

ਮਹਿਲ ਕਲਾਂ ਵਿਸ਼ੇਸ਼ ਸਪਲੀਮੈਂਟ ਦੀਆਂ
ਲੱਖ-ਲੱਖ ਵਧਾਈਆਂ!
ਭਾਈ ਸ਼ੇਰ ਸਿੰਘ ਖ਼ਾਲਸਾ
ਪ੍ਰਧਾਨ, ਗੁਰਦੁਆਰਾ ਸਾਹਿਬ, ਪਾਤਸ਼ਾਹੀ ਛੇਵੀਂ ਮਹਿਲ ਕਲਾਂ (ਬਰਨਾਲਾ)

ਧੰ